ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
VOL-13 ISSUE 2422 | 2 April, 2026 Thursday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533




# ਮਨੁੱਖ ਪਹਿਲੀ ਵਾਰ ਲਾਏਗਾ ਚੰਦਰਮਾ ਦਾ ਚੱਕਰ

## ਓਰੀਅਨ ਪੁਲਾੜ ਯਾਨ ਚਾਰ ਪੁਲਾੜ ਯਾਤਰੀਆਂ ਨੂੰ ਲੈ ਕੇ ਹੋਇਆ ਰਵਾਨਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਅੱਜ, 2 ਅਪ੍ਰੈਲ ਨੂੰ "ਆਰਟੇਮਿਸ-2" ਮਿਸ਼ਨ ਸ਼ੁਰੂ ਕੀਤਾ। ਸਵੇਰੇ 4:05 ਵਜੇ, ਸਪੇਸ ਲਾਂਚ ਸਿਸਟਮ ਓਰੀਅਨ ਪੁਲਾੜ ਯਾਨ, ਚਾਰ ਪੁਲਾੜ ਯਾਤਰੀਆਂ ਨੂੰ ਲੈ ਕੇ, ਚੰਦਰਮਾ ਲਈ ਰਵਾਨਾ ਹੋਇਆ। ਇਹ ਲਾਂਚ ਫਲੋਰੀਡਾ ਦੇ ਕੈਨੇਡੀ ਸਪੇਸ ਸੈਂਟਰ ਤੋਂ ਹੋਇਆ। 1972 ਵਿੱਚ ਅਪੋਲੋ 17 ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਮਨੁੱਖ ਧਰਤੀ ਦੀ ਨੀਵੀਂ ਪੁਲਾੜ ਨੂੰ ਪਾਰ ਕਰਨ ਤੋਂ ਬਾਅਦ ਚੰਦਰਮਾ ਦੇ ਨੇੜੇ ਪਹੁੰਚਣਗੇ। ਚਾਰ ਪੁਲਾੜ ਯਾਤਰੀ ਚੰਦਰਮਾ ਦੀ ਪਰਿਕਰਮਾ ਕਰਨਗੇ ਅਤੇ ਫਿਰ ਧਰਤੀ 'ਤੇ ਵਾਪਸ ਆਉਣਗੇ। ਇਹ ਮਿਸ਼ਨ 10 ਦਿਨਾਂ ਲਈ ਤਹਿ ਕੀਤਾ ਗਿਆ ਹੈ।

ਦੱਸ ਦਈਏ ਕਿ ਟੇਕਆਫ ਤੋਂ ਸਿਰਫ਼ ਇੱਕ ਘੰਟਾ ਪਹਿਲਾਂ, "ਲਾਂਚ ਅਬੋਰਟ ਸਿਸਟਮ" ਵਿੱਚ ਸਮੱਸਿਆਵਾਂ ਆਈਆਂ, ਜਿਸ ਨਾਲ ਲਾਂਚਿੰਗ ਖਤਰੇ ਵਿੱਚ ਪੈ ਗਈ ਸੀ। ਇਹ ਉਹ ਸਿਸਟਮ ਹੈ ਜਿਸ ਰਾਹੀਂ ਨਾਸਾ ਦੇ ਇੰਜੀਨੀਅਰ ਖਰਾਬੀ ਦੀ ਸਥਿਤੀ ਵਿੱਚ ਪੁਲਾੜ ਯਾਤਰੀਆਂ ਨੂੰ ਸੁਰੱਖਿਅਤ ਢੰਗ ਨਾਲ ਬਾਹਰ ਕੱਢ ਸਕਦੇ ਹਨ। ਹਾਲਾਂਕਿ, ਇੰਜੀਨੀਅਰਾਂ ਨੇ ਜਲਦੀ ਹੀ ਸਮੱਸਿਆ ਦਾ ਹੱਲ ਕਰ ਦਿੱਤਾ। ਸੁਰੱਖਿਆ ਜਾਂਚ ਲਈ ਕਾਊਂਟਡਾਊਨ ਘੜੀ ਨੂੰ ਫਿਰ 10 ਮਿੰਟ 'ਤੇ ਰੋਕ ਦਿੱਤਾ ਗਿਆ। ਇਸ ਤੋਂ ਬਾਅਦ ਰਾਕੇਟ ਦੇ ਵੱਖ-ਵੱਖ ਮਹੱਤਵਪੂਰਨ



ਪ੍ਰਣਾਲੀਆਂ ਲਈ ਜ਼ਿੰਮੇਵਾਰ ਇੰਜੀਨੀਅਰਾਂ ਤੋਂ "ਠੀਕ ਹੈ" ਰਿਪੋਰਟ ਆਈ। ਅੰਤ ਵਿੱਚ, ਚਾਲਕ ਦਲ ਨੂੰ ਸੁਨੇਹਾ ਮਿਲਿਆ: "ਆਰਟੈਮਿਸ-2, ਇਹ ਲਾਂਚ ਡਾਇਰੈਕਟਰ ਹੈ, ਤੁਸੀਂ ਉਡਾਣ ਲਈ ਤਿਆਰ ਹੋ।" ਕਮਾਂਡਰ ਰੀਡ ਵਾਈਜ਼ਮੈਨ ਨੇ ਜਵਾਬ ਦਿੱਤਾ, "ਅਸੀਂ ਸਾਰੀ ਮਨੁੱਖਤਾ ਦੀ ਖ਼ਾਤਰ ਜਾ ਰਹੇ ਹਾਂ।" ਤੁਰੰਤ, ਚਾਰ ੍ਸ਼-25 ਇੰਜਣ ਅਤੇ ਦੋ ਠੋਸ ਰਾਕੇਟ ਬੂਸਟਰਾਂ ਨੂੰ ਅੱਗ ਲਗਾ ਦਿੱਤੀ ਗਈ, ਅਤੇ ਪੁਲਾੜ ਯਾਤਰੀਆਂ ਨੇ ਉਡਾਣ ਭਰੀ।

# ਅਮਰੀਕਾ 'ਚ ਰਹਿ ਰਹੇ ਆਮ ਇਮੀਗ੍ਰੈਂਟਸ ਲਈ ਰਾਹਤ ਵਾਲੀ ਖ਼ਬਰ

## ਡਿਪੋਰਟੇਸ਼ਨ ਸਬੰਧੀ ਨੀਤੀਆਂ 'ਚ ਨਰਮੀ ਦੇ ਸੰਕੇਤ


ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ 'ਚ ਡਿਪੋਰਟੇਸ਼ਨ ਸਬੰਧੀ ਨੀਤੀਆਂ ਵਿਚ ਕੁਝ ਨਰਮੀ ਦੇ ਸੰਕੇਤ ਮਿਲ ਰਹੇ ਹਨ, ਜੋ ਕਿ ਆਮ ਇਮੀਗ੍ਰੈਂਟਸ ਲਈ ਰਾਹਤ ਵਾਲੀ ਖ਼ਬਰ ਹੈ।

ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੁਣ ਮੁੱਖ ਤੌਰ 'ਤੇ ਉਨ੍ਹਾਂ ਵਿਅਕਤੀਆਂ 'ਤੇ ਫੋਕਸ ਕੀਤਾ ਜਾ ਰਿਹਾ ਹੈ, ਜੋ ਗੰਭੀਰ ਅਪਰਾਧਾਂ ਵਿਚ ਸ਼ਾਮਲ ਹਨ। ਇਸ ਨਾਲ ਉਹ ਲੋਕ ਜੋ ਕਾਨੂੰਨੀ ਤੌਰ 'ਤੇ ਰਹਿ ਰਹੇ ਹਨ ਜਾਂ ਜਿਨ੍ਹਾਂ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ, ਉਨ੍ਹਾਂ ਨੂੰ ਕੁਝ ਸੁਰੱਖਿਆ ਮਿਲ ਸਕਦੀ ਹੈ। ਇਹ ਨੀਤੀ ਕਮਿਊਨਿਟੀ ਵਿਚ ਡਰ ਨੂੰ ਘਟਾਉਣ ਅਤੇ ਲੋਕਾਂ ਨੂੰ ਆਤਮ-ਵਿਸ਼ਵਾਸ ਦੇਣ ਲਈ ਲਾਗੂ ਕੀਤੀ ਜਾ ਰਹੀ ਹੈ।

ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਕਾਨੂੰਨ ਦੀ ਪਾਲਣਾ ਵੀ ਹੋਵੇਗੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਵੀ ਹੋਵੇਗੀ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਅਮਰੀਕਾ ਭਰ ਵਿਚ 'ਨੋ ਕਿੰਗ' ਪ੍ਰਦਰਸ਼ਨ ਹੋਏ, ਜਿਸ ਨਾਲ ਪ੍ਰਸ਼ਾਸਨ ਨੂੰ ਇੱਕ ਤਰ੍ਹਾਂ ਦੀ ਚਿੰਤਾ ਪੈਦਾ ਹੋ ਗਈ, ਜਿਸ ਕਰਕੇ ਉਹ ਇਹ ਕਦਮ ਚੁੱਕਣ ਲਈ ਮਜਬੂਰ ਹੋ ਗਏ।

ਅਮਰੀਕਾ ਤੇ ਯੂਰਪ ਦੇ ਇਲਾਕਿਆਂ 'ਚ ਤਾਨਾਸ਼ਾਹੀ ਵਿਰੋਧੀ




ਰੈਲੀਆਂ 'ਚ ਵੱਡੀ ਗਿਣਤੀ ਲੋਕਾਂ ਨੇ ਹਿੱਸਾ ਲੈ ਕੇ ਇਰਾਨ ਜੰਗ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਰੋਸ ਵਿਖਾਵਾ ਕੀਤਾ। ਅਮਰੀਕਾ ਦਾ ਮਿਨੀਸੋਟਾ ਸੂਬਾ ਇਸ ਸੰਘਰਸ਼ ਦਾ ਮੁੱਖ ਕੇਂਦਰ ਬਣ ਕੇ ਉਭਰਿਆ ਹੈ, ਜਿੱਥੇ ਹਜ਼ਾਰਾਂ ਲੋਕਾਂ ਨੇ ਇਕਜੁੱਟਤਾ ਦਿਖਾਉਂਦਿਆਂ ਟਰੰਪ ਦੀਆਂ ਸਖ਼ਤ ਪਰਵਾਸ ਨੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਅਮਰੀਕਾ ਤੋਂ ਇਲਾਵਾ ਯੂਰਪ, ਲਾਤੀਨੀ ਅਮਰੀਕਾ, ਲੰਡਨ ਅਤੇ ਆਸਟ੍ਰੇਲੀਆ ਸਮੇਤ ਘੱਟੋ-ਘੱਟ 12 ਮੁਲਕਾਂ 'ਚ ਵੀ ਰੋਸ ਮੁਜ਼ਾਹਰੇ ਹੋਏ।







Space availabe for Ad
Contact #
+1 (209) 303-1260







Space availabe for Ad
Contact #
+1 (209) 303-1260






APCA
AMERICAN PETROLEUM AND CONVENIENCE STORE ASSOCIATION





INVITES YOU
GOLF TOURNAMENT 2026

APRIL 8, 2026

CHARDONNAY GOLF CLUB
NAPA COUNTY, CA 94503

SUPPORTING NON-PROFIT

Children's Miracle Network Hospitals
Change Kids' Health. Change the Future.

Followed by APCA's 12th Annual Trade Show

APCA is a non-profit grassroots, membership based community organization providing representation for small to medium sized enterprises.






Thursday
April 9, 2026
12:30 pm - 5:30 pm

Sunrise Banquet Hall & Events
620 Orange Drive
Vacaville, CA 95687

To register please click link below.

Register »

www.apca.us

For more information please contact: kewal@apca.us


APCA
AMERICAN PETROLEUM AND CONVENIENCE STORE ASSOCIATION
Presents
Golf Tournament 2026
Supporting non- Profits
Children's Miracle Network
Wednesday, April 8th, 2026
Chardonnay Golf Course
American Canyon, CA 94503
Scan the QR code to register for the upcoming trade show.
This is a popular event, sells out quickly, please RSVP ASAP
Scan to Register


PROPANE
Coca-Cola
APCA
AMERICAN PETROLEUM AND CONVENIENCE STORE ASSOCIATION
ANNUAL TRADE SHOW 2026
EXHIBITOR PACKAGE
April 9th, 2026
Sunrise Banquet Halls & Event Center
620 Orange Dr, Vacaville, CA 95687
Scan the QR code to register for the upcoming trade show.
It only takes a minute, and you're all set to join us!
Scan to Register

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਕੈਨੇਡਾ ਦੇ ਪਹਿਲੇ ਗ੍ਰੰਥੀ ਸਿੰਘ ਸਾਹਿਬ ਸ਼ਹੀਦ ਭਾਈ ਬਲਵੰਤ ਸਿੰਘ ਜੀ ਖ਼ੁਰਦਪੁਰ



ਨਸਲਵਾਦ ਅਤੇ ਬਸਤੀਵਾਦ ਦੇ ਖਾਤਮੇ ਅਤੇ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਦੇ ਸ਼ਾਨਾਮੱਤੇ ਇਤਿਹਾਸ ਵਿਚ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖ਼ੁਰਦਪੁਰ ਦਾ ਵਿਸ਼ੇਸ਼ ਸਥਾਨ ਹੈ। ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਸ਼ਹੀਦ ਭਾਈ ਬਲਵੰਤ ਸਿੰਘ ਨੂੰ ਗ਼ਦਰ ਲਹਿਰ ਦੇ ਯੋਧਿਆਂ ਦੇ 'ਤਾਰਾ ਮੰਡਲ ਦਾ ਚੰਦ' ਕਹਿ ਕੇ ਸਤਿਕਾਰਿਆ ਗਿਆ ਹੈ। ਮਹਾਨ ਵਿਵੇਕਵਾਨ ਭਾਈ ਸਾਹਿਬ ਵੱਲੋਂ ਜਿੱਥੇ ਕੈਨੇਡਾ ਵਿਚ ਨਸਲਵਾਦ ਖ਼ਿਲਾਫ਼ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਉਥੇ ਭਾਰਤ ਜਾ ਕੇ ਬਸਤੀਵਾਦ ਨੂੰ ਜੜ੍ਹੋਂ ਪੁੱਟਣ ਲਈ, ਸ਼ਹੀਦੀ ਪਾਉਂਦਿਆਂ ਸੁਨਹਿਰੀ ਇਤਿਹਾਸ ਰਚਿਆ ਗਿਆ। ਅੰਗਰੇਜ਼ਾਂ ਦੇ ਗੁਲਾਮ ਭਾਰਤ ਦੇ ਮੁਖੀ ਵਾਇਸਰਾਏ ਲਾਰਡ ਹਾਰਡਿੰਗ ਅੱਗੇ ਛਾਤੀ ਤਾਣ ਕੇ ਗੱਲਬਾਤ ਕਰਨ ਵਾਲਾ ਸ਼ਖਸ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦਾ ਪਹਿਲਾ ਗ੍ਰੰਥੀ ਸਿੰਘ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 'ਗ੍ਰੰਥੀ ਸਿੰਘ' ਦੇ ਰੁਤਬੇ 'ਤੇ ਸੁਸ਼ੋਭਿਤ ਹੋਣ ਵਾਲੀਆਂ ਸ਼ਖ਼ਸੀਅਤਾਂ ਦੀਆਂ ਕੁਰਬਾਨੀਆਂ ਦਾ ਕਿੰਨਾ ਮਹਾਨ ਇਤਿਹਾਸ ਹੈ। ਅੱਜ ਲੋੜ ਹੈ ਕਿ ਧਾਰਮਿਕ ਅਸਥਾਨਾਂ ਉੱਪਰ ਕਾਬਜ਼ ਪ੍ਰਬੰਧਕ ਅਤੇ ਪ੍ਰਚਾਰਕ ਸ਼੍ਰੇਣੀ, 'ਅੱਜ ਦੇ ਓਡਵਾਇਰਾਂ' ਖ਼ਿਲਾਫ਼ ਏਨੀ ਬਹਾਦਰੀ ਨਾਲ ਬੋਲਣ ਦੀ ਹਿੰਮਤ ਰੱਖੇ, ਨਾ ਕਿ ਜਾਲਮਾਂ ਮੂਹਰੇ ਗੋਡੇ ਟੇਕੇ।

ਸ਼ਹੀਦ ਭਾਈ ਬਲਵੰਤ ਸਿੰਘ ਦੀ ਸ਼ਹਾਦਤ ਮੌਜੂਦਾ ਸਮੇਂ ਅਤੇ ਸਥਿਤੀ ਵਿੱਚ ਵੀ ਓਨੀ ਹੀ ਪ੍ਰਸੰਗਿਕ ਹੈ, ਜਿੰਨੀ ਇੱਕ ਸਦੀ ਪਹਿਲਾਂ ਸੀ। ਦੁਖਾਂਤ ਇਸ ਗੱਲ ਦਾ ਹੈ ਕਿ ਅਜੇ ਤੱਕ ਨਾ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿੱਚ ਹੀ ਅਤੇ ਨਾ ਹੀ ਪੰਜਾਬ ਦੇ ਸੰਘਰਸ਼ ਲਈ ਇਤਿਹਾਸ ਵਿੱਚ, ਭਾਈ ਬਲਵੰਤ ਸਿੰਘ ਨੂੰ ਬਾਰੇ ਬਹੁਤ ਕੁਝ ਲਿਖਿਆ ਮਿਲਦਾ ਹੈ। ਸਿਆਸੀ ਆਗੂਆਂ ਦੇ ਜਨਮ-ਮੌਤ ਵਾਲੇ ਦਿਨ 'ਤੇ ਇਸ਼ਤਿਹਾਰ ਜਾਰੀ ਕਰਨ ਵਾਲੀਆਂ ਸਰਕਾਰਾਂ ਦੀ ਤਾਂ ਗੱਲ ਹੀ ਛੱਡੋ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਵੀ ਸ਼ਹੀਦ ਭਾਈ ਬਲਵੰਤ ਸਿੰਘ ਖ਼ੁਰਦਪੁਰ ਦੇ ਸ਼ਹੀਦੀ ਦਿਨ 'ਤੇ ਕੋਈ ਸੂਚਨਾ ਜਾਂ ਇਸ਼ਤਿਹਾਰ ਨਹੀਂ ਜਾਰੀ ਕੀਤਾ ਗਿਆ। ਅੰਗਰੇਜ਼ਾਂ ਤੋਂ ਮੁਆਫ਼ੀਆਂ ਮੰਗਣ ਵਾਲੇ 'ਸਵਰਕਰ' ਨੂੰ ਆਜ਼ਾਦੀ ਦਾ ਨਾਇਕ ਪੇਸ਼ ਕਰਨ ਵਾਲੀ, ਅੱਜ ਦੀ ਫਾਸ਼ੀਵਾਦੀ ਸਰਕਾਰ ਤੋਂ ਤਾਂ ਸ਼ਹੀਦ ਬਲਵੰਤ ਸਿੰਘ ਖ਼ੁਰਦਪੁਰ ਨੂੰ ਚੇਤੇ ਕਰਨਾ ਤਾਂ ਉਂਝ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸਰਕਾਰ ਤਾਂ 'ਜੇਲਾਂ ਚ ਸਿੱਖਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ' ਦਾ ਵਿਅੰਗ ਕਸ ਰਹੀ ਹੈ, ਪਰ ਸੱਚ ਤਾਂ ਇਹ ਹੈ ਕਿ ਸਿੱਖ ਯੋਧੇ ਤਾਂ ਸ਼ੁਰੂ ਤੋਂ ਹੀ ਜੇਲਾਂ ਅੰਦਰ ਗੁਰਬਾਣੀ ਪਾਠ ਕਰਕੇ ਚੜ੍ਹਦੀ ਕਲਾ ਦਾ ਬਲ ਲੈ ਰਹੇ ਸਨ, ਦੂਜੇ ਪਾਸੇ ਸਵਰਕਰ ਵਰਗੇ ਜੇਲਾਂ 'ਚੋਂ ਬਾਹਰ ਆਉਣ ਲਈ ਅੰਗਰੇਜ਼ਾਂ ਤੋਂ ਮਾਫੀਆਂ ਮੰਗ ਰਹੇ ਸਨ। ਭਾਈ ਸਾਹਿਬ ਦੀ ਸ਼ਹਾਦਤ ਸਮੁੱਚੇ ਗਦਰ ਲਹਿਰ ਦੇ ਇਤਿਹਾਸ ਵਿੱਚ ਵਿਲੱਖਣ ਮਾਰਗ ਦਰਸ਼ਨ ਕਹੀ ਜਾ ਸਕਦੀ ਹੈ।

ਪੰਜਾਬ ਦੇ ਪਿੰਡ ਖ਼ੁਰਦਪੁਰ, ਜ਼ਿਲ੍ਹਾ ਜਲੰਧਰ ਵਿਖੇ ਭਾਈ ਬਲਵੰਤ ਸਿੰਘ ਦਾ ਜਨਮ 15 ਸਤੰਬਰ 1882 ਨੂੰ ਭਾਈ ਬੁੱਧ ਸਿੰਘ ਅਟਵਾਲ ਦੇ ਗ੍ਰਹਿ ਵਿਖੇ ਹੋਇਆਲ ਆਪ ਨੇ ਆਦਮਪੁਰ ਤੋਂ ਅੱਠਵੀਂ ਤੱਕ ਪੜ੍ਹਾਈ ਕਰਨ ਮਗਰੋਂ ਕੁਝ ਸਮਾਂ ਫ਼ੌਜ ਵਿੱਚ ਨੌਕਰੀ ਵੀ ਕੀਤੀ। ਧਾਰਮਿਕ ਸਖਸ਼ੀਅਤ ਕਰਮ ਸਿੰਘ ਜੀ ਦੀ ਸੰਗਤ ਮਗਰੋਂ ਧਾਰਮਿਕ ਪ੍ਰਭਾਵ ਕਾਰਨ ਇਹ ਨੌਕਰੀ ਛੱਡ ਦਿੱਤੀ ਤੇ ਕੁਝ ਸਮੇਂ ਮਗਰੋਂ 1906 ਵਿੱਚ ਕੈਨੇਡਾ ਆ ਗਏ। ਇੱਥੇ ਹੀ 28 ਜੂਨ 1908 ਵਿੱਚ, ਖਾਲਸਾ ਦੀਵਾਨ ਸੁਸਾਇਟੀ ਦੇ ਪਹਿਲੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਜੀ ਨਾਲ, ਇਕੱਠਿਆਂ ਅੰਮ੍ਰਿਤਪਾਨ ਕੀਤਾਲ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਕੈਨੇਡਾ ਦਾ ਮੁੱਢ ਬੰਨਦਿਆਂ, ਭਾਈ ਸਾਹਿਬ ਨੇ ਕੈਨੇਡਾ ਅਤੇ ਉੱਤਰੀ ਅਮਰੀਕਾ 'ਚ ਨਾ ਸਿਰਫ ਪਹਿਲਾ ਸਿੱਖੀ ਪ੍ਰਚਾਰ ਦਾ ਕੇਂਦਰ ਹੀ ਸਥਾਪਿਤ ਕੀਤਾ, ਬਲਕਿ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਇਕਮੁੱਠ ਹੋ ਕੇ ਸੰਘਰਸ਼ ਦਾ ਸਾਂਝਾ ਕੇਂਦਰ ਵੀ ਸਿਰਜਿਆ। ਸ਼ਹੀਦ ਬਲਵੰਤ ਸਿੰਘ ਖ਼ੁਰਦਪੁਰ ਦੀ ਸਾਰੀ ਜ਼ਿੰਦਗੀ ਸੰਘਰਸ਼ ਭਰਪੂਰ ਰਹੀ। ਉਨ੍ਹਾਂ 1908 ਵਿੱਚ ਕੈਨੇਡਾ ਦੀ ਬ੍ਰਿਟਿਸ਼ ਸਰਕਾਰ ਵੱਲੋਂ ਭਾਰਤੀਆਂ ਨੂੰ ਇੱਥੋਂ ਕੱਢ ਕੇ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਖ਼ਿਲਾਫ਼ ਸੰਘਰਸ਼ ਕੀਤਾ ਅਤੇ ਪ੍ਰਿੰਸੀਪਲ ਸੰਤ ਤੇਜਾ ਸਿੰਘ ਨਾਲ ਮਿਲ ਕੇ ਨਾਕਾਮ ਕੀਤਾ। ਅੱਜ ਜੇਕਰ ਭਾਰਤੀ ਇੰਮੀਗ੍ਰੈਂਟ ਕੈਨੇਡਾ ਵਿੱਚ ਵਸੇ ਹੋਏ ਹਨ, ਤਾਂ ਇਹ ਭਾਈ ਬਲਵੰਤ ਸਿੰਘ ਜੀ ਦੀ ਦੇਣ ਹੈ।

ਦੂਜਾ, ਕੈਨੇਡਾ ਵਿੱਚ ਇੰਡੀਅਨ ਲੋਕਾਂ ਦੇ ਪਰਿਵਾਰਾਂ ਨੂੰ ਆਉਣ ਦੀ ਆਗਿਆ ਨਹੀਂ ਸੀ, ਜਦ ਕਿ ਹੋਰ ਮੁਲਕਾਂ ਤੋਂ ਲੋਕ ਪਰਿਵਾਰਾਂ ਸਮੇਤ ਆ ਵਸੇ ਸਨ। ਇਸ ਖ਼ਿਲਾਫ਼ ਵੀ ਸੰਘਰਸ਼ ਦਾ ਮੁੱਢ ਵੀ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਨੇ ਬੰਨ੍ਹਿਆ ਅਤੇ 21 ਜਨਵਰੀ 1912 ਨੂੰ ਅਨੇਕਾਂ ਕਸ਼ਟ ਝੱਲ ਕੇ ਆਪਣੇ ਪਰਿਵਾਰਾਂ ਨੂੰ ਲੈ ਕੇ ਵੈਨਕੂਵਰ ਪੁੱਜੇ, ਹਾਲਾਂ ਕਿ ਭਾਈ ਸਾਹਿਬ ਦੀ ਪਤਨੀ ਬੀਬੀ ਕਰਤਾਰ ਕੌਰ ਅਤੇ ਦੋ ਪੁੱਤਰੀਆਂ ਚਾਰ ਸਾਲਾ ਊਧਮ ਕੌਰ ਦੇ ਇੱਕ ਸਾਲਾ ਨਿਰੰਜਣ ਕੌਰ ਨੂੰ ਕੈਨੇਡਾ ਦੀ ਧਰਤੀ 'ਤੇ ਉਤਰਨ ਨਾ ਦਿੱਤਾ ਗਿਆ ਅਤੇ ਇੱਥੋਂ ਵਾਪਸ ਮੋੜਨ ਦੇ ਹੁਕਮ ਦਿੱਤੇ। ਵੈਨਕੂਵਰ ਦੇ ਸਿੱਖਾਂ ਦੇ ਤਿੱਖੇ ਸੰਘਰਸ਼ ਅਤੇ ਭਾਈ ਬਲਵੰਤ ਸਿੰਘ ਅਤੇ ਭਾਈ ਭਾਗ ਸਿੰਘ ਦੀ ਸੂਝ-ਬੂਝ ਸਦਕਾ, ਇਮੀਗਰੇਸ਼ਨ ਵਿਭਾਗ ਨੂੰ ਗੋਡੇ ਟੇਕਣੇ ਪਏ ਅਤੇ ਪਰਿਵਾਰਾਂ ਨੂੰ 3 ਜੂਨ 1912 ਨੂੰ ਕੈਨੇਡੀਅਨ ਸਰਕਾਰ ਵੱਲੋਂ ਆਖਰਕਾਰ, ਕੈਨੇਡਾ ਵਿੱਚ ਦਾਖਲ ਹੋਣ ਦਿੱਤਾ ਗਿਆ।

ਭਾਈ ਸਾਹਿਬ ਦੇ ਪਰਿਵਾਰ ਦੇ ਕੈਨੇਡਾ ਆਉਣ ਨਾਲ ਨਾ ਸਿਰਫ ਆਰਜ਼ੀ ਰੂਪ ਵਿੱਚ ਇਸਤਰੀਆਂ ਤੇ ਪਰਿਵਾਰਾਂ ਦੀ ਆਮਦ ਦਾ ਮੁੱਢ ਬੱਝਿਆ, ਬਲਕਿ 28 ਅਗਸਤ 1912 ਨੂੰ ਆਪ ਜੀ ਦੇ ਗ੍ਰਹਿ ਵਿਖੇ, ਬੀਬੀ ਕਰਤਾਰ ਕੌਰ ਦੀ ਕੁੱਖੋਂ ਜਨਮਿਆ ਬੱਚਾ ਹਰਦਿਆਲ ਸਿੰਘ, 'ਕੈਨੇਡਾ ਦੀ ਧਰਤੀ ਤੇ ਪੈਦਾ ਹੋਣ ਵਾਲਾ ਪਹਿਲਾ ਸਿੱਖ' ਅਤੇ ਸਾਂਝੇ ਪੰਜਾਬ ਤੇ ਅਣਵੰਡੇ ਭਾਰਤ ਤੋਂ ਪਰਵਾਸ ਕਰਕੇ ਆਏ ਪਰਿਵਾਰ ਦਾ ਪਹਿਲਾ ਬਾਲਕ ਵੀ ਬਣਿਆ। ਪਰਿਵਾਰ ਦੇ ਇਸ ਆਰਜ਼ੀ ਪ੍ਰਵਾਸ ਮਗਰੋਂ ਵੀ ਭਾਈ ਸਾਹਿਬ ਨੇ ਕੈਨੇਡਾ 'ਚ ਇਮੀਗ੍ਰੈਂਟ ਪਰਿਵਾਰਾਂ ਲਈ ਬੂਹੇ ਖੋਲ੍ਹਣ ਵਾਸਤੇ ਲੰਮਾ ਸੰਘਰਸ਼ ਕੀਤਾ, ਜਿਸ ਲਈ ਇਤਿਹਾਸ ਸਦਾ ਹੀ ਆਪ ਜੀ ਦਾ ਰਿਣੀ ਰਹੇਗਾ। ਅੱਜ ਤੋਂ ਇੱਕ ਸਦੀ ਪਹਿਲਾਂ ਜਦੋਂ ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਦਾ ਸ਼ੋਸ਼ਣ ਹੋ ਰਿਹਾ ਸੀ ਅਤੇ ਪਰਵਾਸੀ ਲੋਕਾਂ ਨੂੰ ਸਸਕਾਰ ਕਰਨ ਤੋਂ ਵੀ ਰੋਕ ਦਿੱਤਾ ਜਾਂਦਾ ਸੀ, ਲੋਕ ਲੁਕ-ਛਿਪ ਕੇ ਜੰਗਲ ਵਿੱਚ ਦੂਰ- ਦੁਰਾਡੇ ਬਰਫ਼ ਤੇ ਮੀਂਹ ਪੈਂਦਿਆਂ, ਮ੍ਰਿਤਕ ਦਾ ਸਸਕਾਰ ਕਰਦੇ ਸਨ, ਉਸ ਵੇਲੇ ਭਾਈ ਬਲਵੰਤ ਸਿੰਘ ਨੇ ਹੋਰਨਾਂ ਆਗੂਆਂ ਨਾਲ ਮਿਲ ਕੇ ਸ਼ਮਸ਼ਾਨ ਭੂਮੀ ਲਈ ਕੁਝ ਜਗ੍ਹਾ ਜ਼ਮੀਨ ਖਰੀਦੀ ਅਤੇ ਸਸਕਾਰ ਕਰਨ ਦਾ ਇੰਤਜ਼ਾਮ ਕਰਕੇ ਸਭਨਾਂ ਨੂੰ ਵੱਡੀ ਰਾਹਤ ਦਿਵਾਈ।

ਜਿਸ ਵੇਲੇ 'ਗ਼ਦਰ ਪਾਰਟੀ' ਦਾ ਉੱਤਰੀ ਅਮਰੀਕਾ ਵਿੱਚ ਅਜੇ ਮੁੱਢ ਬੰਨ੍ਹਿਆ ਜਾ ਰਿਹਾ ਸੀ, ਉਸ ਵੇਲੇ ਭਾਈ ਸਾਹਿਬ ਦੀ ਅਗਵਾਈ ਵਿੱਚ 14 ਮਾਰਚ 1913 ਨੂੰ ਤਿੰਨ ਮੈਂਬਰੀ ਵਫਦ, ਲੰਡਨ ਅਤੇ ਭਾਰਤ ਜਾ ਕੇ, ਅੰਗਰੇਜ਼ ਸਾਮਰਾਜ ਦੇ ਅਸਲ ਚਿਹਰੇ ਨੂੰ ਨੰਗਾ ਕਰਨ ਦਾ ਸੰਘਰਸ਼ ਸ਼ੁਰੂ ਕਰ ਚੁੱਕਿਆ ਸੀ। ਇਸ ਵਫ਼ਦ ਵਿੱਚ ਭਾਈ ਸਾਹਿਬ ਦੇ ਸਹਿਯੋਗੀ ਅਮਰੀਕਾ ਤੋਂ ਸਿੱਖ ਪ੍ਰਤੀਨਿਧ ਨੰਦ ਸਿੰਘ ਸੀਹਰਾ ਅਤੇ ਕੈਨੇਡਾ ਤੋਂ ਭਾਈ ਨਰੈਣ ਸਿੰਘ ਚੋਬਦਾਰ ਸਨ।

ਇਨ੍ਹਾਂ 13 ਸਤੰਬਰ 1913 ਤੱਕ ਲੰਡਨ ਤੋਂ ਲੈ ਕੇ ਭਾਰਤ ਅਤੇ ਪੰਜਾਬ ਦੇ ਕੋਨੇ-ਕੋਨੇ ਵਿੱਚ ਆਵਾਜ਼ ਉਠਾਈਲ ਸੂਝਵਾਨ ਲੀਡਰ, ਬੁਲੰਦ ਆਵਾਜ਼ ਦੇ ਮਾਲਕ ਅਤੇ ਦੂਰ-ਅੰਦੇਸ਼ ਆਗੂ ਭਾਈ ਬਲਵੰਤ ਸਿੰਘ ਖ਼ੁਰਦਪੁਰ ਨੇ ਜਦ ਬ੍ਰਿਟਿਸ਼ ਬਸਤੀਵਾਦ ਅਤੇ ਅੰਗਰੇਜ਼ ਸਾਮਰਾਜ ਦੀਆਂ ਬਦਨੀਤੀਆਂ, ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ 18 ਸਤੰਬਰ 1913 ਨੂੰ, ਸ਼ਿਮਲੇ 'ਚ ਇੱਕ ਮੀਟਿੰਗ ਦੌਰਾਨ, ਉਸ ਵੇਲੇ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਮੂੰਹ 'ਤੇ ਕੀਤੀ ਸੀ, ਤਾਂ ਉਸ ਨੂੰ ਜਿਵੇਂ 'ਦੰਦਲ ਹੀ ਪੈ ਗਈ' ਸੀ। ਇਸੇ ਹੀ ਕਾਰਨ ਉਸ ਨੇ ਆਪਣੀ ਕਿਤਾਬ 'ਇੰਡੀਆ ਐਜ਼ ਆਈ ਨਿਊ' ਦੇ ਪੰਨਾ 191 'ਤੇ ਲਿਖਿਆ ਕਿ ਮੁਲਾਕਾਤੀਆਂ ਵਿੱਚੋਂ 'ਤੀਸਰੇ ਬੰਦੇ' (ਭਾਈ ਬਲਵੰਤ ਸਿੰਘ ਖ਼ੁਰਦਪੁਰ) ਦੇ ਤਰੀਕੇ 'ਖ਼ਤਰਨਾਕ' ਬਾਗ਼ੀ ਵਰਗੇ ਸਨ ਤੇ ਉਸ ਵਾਇਸਰਾਏ ਨੂੰ ਮਿਲਣ ਜਾ ਰਹੇ ਸੀ, ਜਿਸ ਤੋਂ ਖਾਸ ਤੌਰ 'ਤੇ 'ਇਸ ਮੈਂਬਰ' ਪ੍ਰਤੀ ਸਾਵਧਾਨੀ ਵਰਤਣ ਲਈ ਕਿਹਾ ਗਿਆ।

5 ਅਕਤੂਬਰ 1913 ਨੂੰ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਭਾਈ ਬਲਵੰਤ ਸਿੰਘ ਦੀ ਅਗਵਾਈ ਵਿੱਚ ਕੈਨੇਡਾ ਤੋਂ ਆਏ ਵਫ਼ਦ ਨੇ ਮੁਲਾਕਾਤ ਕੀਤੀ ਅਤੇ ਇਮੀਗ੍ਰੇਸ਼ਨ ਦੀਆਂ ਕਾਲੀਆਂ ਨੀਤੀਆਂ, ਨਸਲੀ ਵਿਤਕਰੇ, ਧੱਕੇਸ਼ਾਹੀਆਂ ਅਤੇ ਜਬਰ- ਜ਼ੁਲਮ ਬਾਰੇ ਨਿਡੱਰਤਾ ਨਾਲ ਵਿਚਾਰ ਰੱਖੇ। ਚਾਹੇ ਉਸ ਵੇਲੇ ਪੰਜਾਬ ਦੇ ਜਾਗਰੂਕ ਲੋਕਾਂ, ਲੋਕ ਪੱਖੀ ਮੀਡੀਆ ਅਤੇ ਆਮ ਵਿਅਕਤੀਆਂ ਨੇ ਉਨ੍ਹਾਂ ਦਾ ਸਾਥ ਦਿੱਤਾ, ਪਰ ਅਖੌਤੀ ਰਾਸ਼ਟਰਵਾਦੀ ਅਤੇ ਫਰੰਗੀਆਂ ਦੇ ਝੋਲੀ-ਚੁੱਕਾਂ ਨੇ ਵਿਰੋਧ ਹੀ ਕੀਤਾ। ਗ਼ਦਰੀ ਸੂਰਮਿਆਂ ਦੇ ਅਖ਼ਬਾਰ 'ਕਿਰਤੀ' 1926 ਦੇ ਅੰਕ ਦੇ ਪੰਨਾ 14 ਉੱਪਰ ਲਿਖਿਆ ਹੈ ਕਿ ਰਾਸ਼ਟਰਵਾਦੀ ਆਗੂ ਲਾਲਾ ਲਾਜਪਤ ਰਾਏ ਨੇ ਭਾਈ ਬਲਵੰਤ ਸਿੰਘ ਹੁਰਾਂ ਵੱਲੋਂ ਅੰਗਰੇਜ਼ਾਂ ਖ਼ਿਲਾਫ਼ ਕੀਤੇ ਸੰਘਰਸ਼ ਨੂੰ 'ਕੇਵਲ ਸਿੱਖਾਂ ਦਾ ਮਸਲਾ' ਕਹਿ ਕੇ ਉਹਨਾਂ ਦਾ ਸਾਥ ਦੇਣੋਂ ਨਾਂਹ ਕਰ ਦਿੱਤੀ। ਦੂਜੇ ਪਾਸੇ ਚੀਫ ਖਾਲਸਾ ਦੀਵਾਨ ਵਿਚਲੇ ਅੰਗਰੇਜ਼ਾਂ ਦੇ ਪਿੱਠੂਆਂ ਨੇ ਭਾਈ ਸਾਹਿਬ ਦੇ ਇਤਿਹਾਸਕ ਯਤਨਾਂ ਦੀ ਵਿਰੋਧਤਾ ਕਰਕੇ ਕੌਮ ਦੀ ਪਿੱਠ 'ਚ ਛੁਰਾ ਮਾਰਿਆ। ਇਸੇ ਕਾਰਨ ਹੀ ਕੁਝ ਸਮਾਂ ਮਗਰੋਂ ਸਿੱਖ ਸੰਗਤਾਂ ਵੱਲੋਂ ਗੁਰਮਤਾ ਕਰਕੇ ਅਜਿਹੇ ਪਿੱਠੂਆਂ ਨੂੰ ਪੰਥ ਅਤੇ ਕੌਮ ਦੇ ਗ਼ਦਾਰ ਐਲਾਨਿਆ ਗਿਆ।

ਇਤਿਹਾਸਕ ਸਰੋਤਾਂ ਅਨੁਸਾਰ ਇਨ੍ਹਾਂ ਗੁਰਮਤਿਆਂ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕਰਦਿਆਂ 'ਗੁਰੂ ਨਾਨਕ ਜਹਾਜ਼' ਦੇ ਮੁਸਾਫਰਾਂ, ਗਦਰੀ ਯੋਧਿਆਂ, ਕੈਨੇਡਾ ਤੋਂ ਆਏ ਸਿੱਖ ਜੱਥਿਆਂ ਤੇ ਭਾਈ ਬਲਵੰਤ ਸਿੰਘ ਖ਼ੁਰਦਪੁਰ ਅਤੇ ਹੋਰਨਾਂ ਸ਼ਖ਼ਸੀਅਤਾਂ ਦੀ ਬਹਾਦਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਨਾਲ ਹੀ ਸੁੰਦਰ ਸਿੰਘ ਮਜੀਠੀਏ, ਅਰੂੜ ਸਿੰਘ ਸਰਬਰਾਹ ਅਤੇ ਗੁਰਬਖਸ਼ ਸਿੰਘ ਸਕੱਤਰ ਸਿੱਖ ਲੀਗ ਵਰਗਿਆਂ ਨੂੰ ਤਨਖਾਹੀਏ ਕਰਾਰ ਦੇ ਕੇ, ਉਨ੍ਹਾਂ ਨੂੰ 'ਭਾਈ' ਜਾਂ 'ਸਰਦਾਰ' ਸ਼ਬਦ ਨਾਲ ਸੰਬੋਧਨ ਨਾ ਕਰਨ ਵਾਸਤੇ ਕਿਹਾ ਗਿਆ। ਇਸ ਤੋਂ ਇਲਾਵਾ ਮਹਾਰਾਜਾ ਪਟਿਆਲਾ ਵੱਲੋਂ ਮਾਈਕਲ ਓਡਵਾਇਰ ਫੰਡ ਵਿੱਚ, 'ਵੀਹ ਹਜ਼ਾਰ ਰੁਪਏ' ਜਮ੍ਹਾਂ ਕਰਵਾਉਣ ਦੀ ਕਾਰਵਾਈ ਲਈ ਲਾਹਨਤਾ ਪਾਈਆਂ ਗਈਆਂ। ਭਾਈ ਬਲਵੰਤ ਸਿੰਘ ਖ਼ੁਰਦਪੁਰ ਨੇ ਕੈਨੇਡਾ ਵਾਪਸ ਪਰਤਦਿਆਂ, ਆਪਣੇ ਮਿੱਤਰ ਭਾਈ ਹਰਚੰਦ ਸਿੰਘ ਲਾਇਲਪੁਰੀ ਨੂੰ ਪੱਤਰ ਲਿਖਕੇ ਚੀਫ਼ ਖ਼ਾਲਸਾ ਦੀਵਾਨ ਨਾਲੋਂ ਨਾਤਾ ਤੋੜਨ ਅਤੇ ਅੰਗਰੇਜ਼ ਹਕੂਮਤ ਦਾ ਡਟਵਾਂ ਵਿਰੋਧ ਕਰਨ ਦੀ ਹਦਾਇਤ ਕੀਤੀ ਸੀ।

ਕੈਨੇਡਾ ਵਾਪਸੀ ਦੌਰਾਨ ਆਪ 'ਗੁਰੂ ਨਾਨਕ ਜਹਾਜ਼' ਦੇ ਮੁਸਾਫ਼ਰਾਂ ਅਤੇ ਮੁਖੀ ਭਾਈ ਗੁਰਦਿੱਤ ਸਿੰਘ ਸਰਹਾਲੀ ਨੂੰ ਮਿਲੇ ਅਤੇ ਜਹਾਜ਼ ਦੇ ਕੈਨੇਡਾ ਪੁੱਜਣ ਤੋਂ ਦੋ ਦਿਨ ਪਹਿਲਾਂ ਵੈਨਕੂਵਰ ਪਹੁੰਚ ਗਏ। ਮੁਸਾਫ਼ਰਾਂ ਦੀ ਸਹਾਇਤਾ ਲਈ ਬਣੀ 'ਸ਼ੋਅਰ ਕਮੇਟੀ' ਵਿੱਚ ਭਾਈ ਸਾਹਿਬ ਆਗੂ ਸਨ। ਜਦੋਂ ਜਬਰੀ ਜਹਾਜ਼ ਭਾਰਤ ਵਾਪਸ ਮੁੜਨ ਦਾ ਫੈਸਲਾ ਕੀਤਾ ਗਿਆ, ਤਾਂ ਭਾਈ ਸਾਹਿਬ ਆਪਣੇ ਸਾਥੀਆਂ ਸਮੇਤ ਅਮਰੀਕਾ ਤੋਂ ਹਥਿਆਰ ਖ਼ਰੀਦਣ ਵਾਸਤੇ ਗਏ, ਤਾਂ ਕਿ ਜਹਾਜ਼ ਰਾਹੀਂ ਗ਼ਦਰ ਪਾਰਟੀ ਦੇ ਲੀਡਰਾਂ ਤੱਕ ਪਹੁੰਚਾਏ ਜਾ ਸਕਣ, ਪਰ ਸੂਮਸ ਬਾਰਡਰ 'ਤੇ ਇਨ੍ਹਾਂ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਜਹਾਜ਼ ਪਰਤਣ ਤੋਂ ਬਾਅਦ ਰਿਹਾਅ ਕੀਤਾ ਗਿਆ।

ਭਾਰਤ ਵਿੱਚੋਂ ਬ੍ਰਿਟਿਸ਼ ਬਸਤੀਵਾਦ ਦੇ ਖ਼ਾਤਮੇ ਦੇ ਸੰਘਰਸ਼ ਦੇ ਫੈਸਲੇ ਅਧੀਨ ਸਿੰਘ ਸਾਹਿਬ ਨੇ, ਪਹਿਲੀ ਵਿਸ਼ਵ ਜੰਗ ਸ਼ੁਰੂ ਹੋਣ ਵੇਲੇ ਭਾਰਤ ਜਾਣ ਦਾ ਫੈਸਲਾ ਕਰ ਲਿਆ। ਭਾਈ ਬਲਵੰਤ ਸਿੰਘ ਦੀ ਖ਼ੁਰਦਪੁਰ ਆਪਣੇ ਸਾਥੀਆਂ ਭਾਈ ਬਤਨ ਸਿੰਘ ਕਾਹਰੀ ਅਤੇ ਭਾਈ ਕਰਤਾਰ ਸਿੰਘ 'ਚੰਦ ਨਵਾਂ' ਨਾਲ ਸਾਨ-ਫਰਾਂਸਿਸਕੋ ਤੋਂ 23 ਜਨਵਰੀ 1915 ਨੂੰ ਰਵਾਨਾ ਹੋਏ ਅਤੇ ਅਨੇਕਾਂ ਚੁਣੌਤੀਆਂ ਮਗਰੋਂ 13 ਜੁਲਾਈ ਨੂੰ ਬੈਂਕਾਕ ਪੁੱਜੇ।

ਇਤਿਹਾਸਕਾਰਾਂ ਅਨੁਸਾਰ ਆਪ ਬੈਂਕਾਕ ਦੇ ਹਸਪਤਾਲ 'ਚ ਜ਼ੇਰੇ ਇਲਾਜ ਸਨ, ਜਦੋਂ ਸ਼ਿਆਮ ਪੁਲਿਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਅਤੇ ਅੰਗਰੇਜ਼ਾਂ ਨੂੰ ਸੌਂਪ ਦਿੱਤਾ, ਜੋ ਕਿ ਕੌਮਾਂਤਰੀ ਪੱਧਰ 'ਤੇ ਨਿਯਮਾਂ ਦੀ ਸਖ਼ਤ ਉਲੰਘਣਾ ਸੀ। ਅੰਗਰੇਜ਼ ਹਕੂਮਤ ਨੇ ਪਹਿਲਾਂ ਸਿੰਗਾਪੁਰ ਅਤੇ ਫਿਰ ਕਲਕੱਤੇ ਸਥਿਤ ਅਲੀਪੁਰ ਜੇਲ੍ਹ ਵਿੱਚ ਭਾਈ ਸਾਹਿਬ 'ਤੇ ਭਾਰੀ ਤਸ਼ੱਦਦ ਕੀਤਾ। ਜੁਲਾਈ 1916 ਵਿੱਚ ਆਪ ਨੂੰ ਪੰਜਾਬ ਲਿਜਾ ਕੇ 'ਲਾਹੌਰ ਸੈਕਿੰਡ ਸਪਲੀਮੈਂਟਰੀ ਸਾਜ਼ਿਸ਼' ਮੁਕੱਦਮੇ ਅਧੀਨ ਪੇਸ਼ ਕੀਤਾ ਗਿਆ। ਬੇਲਾ ਝੁੱਟੀ ਜਿਆਣ ਗ਼ੱਦਾਰ ਨੇ ਸਾਥੀ 'ਟਾਊਟ ਗੰਗਾ ਰਾਮ' ਦੇ ਭਰਾ ਅਮਨ ਸਹੋਤਾ, ਮੰਗਲ ਜਿਆਣ ਅਤੇ ਬੇਅੰਤ ਸਿੰਘ ਨਾਲ ਮਿਲ ਕੇ ਝੂਠੀਆਂ ਗਵਾਹੀਆਂ ਦਿੱਤੀਆਂ। ਇਨ੍ਹਾਂ ਦੇ ਆਧਾਰ 'ਤੇ ਭਾਈ ਸਾਹਿਬ ਨੂੰ ਅੰਗਰੇਜ਼ ਹਕੂਮਤ ਦਾ ਤਖ਼ਤਾ ਪਲਟਾਉਣ ਅਤੇ ਗ਼ਦਰ ਮਚਾਉਣ ਵਾਲੇ ਲੋਕਾਂ ਦੇ ਆਗੂ ਵਜੋਂ, ਭਾਰਤ 'ਚ ਬਗਾਵਤ ਤੇ ਕਤਲ ਕਰਵਾਉਣ ਦਾ ਜ਼ਿੰਮੇਵਾਰ ਕਰਾਰ ਦਿੰਦਿਆਂ, 'ਇੰਡੀਅਨ ਪੈਨਲ ਕੋਡ ਅਨੁਸਾਰ ਸਜ਼ਾ-ਏ-ਮੌਤ' ਸੁਣਾਈ ਗਈ ਅਤੇ ਸਾਰੀ ਜ਼ਮੀਨ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਗਏ। ਸਿੰਘ ਸਾਹਿਬ ਸ਼ਹਾਦਤ ਪਾਉਣ ਤੱਕ ਚੜ੍ਹਦੀ ਕਲਾ ਵਿੱਚ ਰਹੇ। ਉਨ੍ਹਾਂ ਦੇ ਇਹ ਸ਼ਬਦ ਜ਼ਿਕਰਯੋਗ ਹਨ : "ਰਾਜਸੀ ਮੌਤ ਮਰਨ ਨਾਲ ਮੈਨੂੰ ਖੁਸ਼ੀ ਹੈ ਅਤੇ ਮੈਨੂੰ ਇਸ ਦਾ ਜ਼ਰਾ ਜਿੰਨਾ ਵੀ ਭੈਅ ਨਹੀਂ।" 29 ਮਾਰਚ 1917 ਨੂੰ ਜਦੋਂ ਭਾਈ ਬਲਵੰਤ ਸਿੰਘ ਖ਼ੁਰਦਪੁਰ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ ਸੀ, ਉਸ ਤੋਂ ਇੱਕ ਰਾਤ ਬਾਅਦ ਉਨ੍ਹਾਂ ਦੀ ਪਤਨੀ ਬੀਬੀ ਕਰਤਾਰ ਕੌਰ ਲਾਹੌਰ ਜੇਲ੍ਹ ਵਿੱਚ 'ਆਖਰੀ ਮੁਲਾਕਾਤ' ਲਈ ਪਹੁੰਚੀ, ਤਦ ਉਸ ਨੂੰ ਦੱਸਿਆ ਗਿਆ ਕਿ ਕੱਲ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ। ਉਸ ਮੌਕੇ 'ਤੇ ਜੇਲਰ ਨੇ ਬੀਬੀ ਕਰਤਾਰ ਕੌਰ ਨੂੰ ਭਾਈ ਸਾਹਿਬ ਜੀ ਦੇ ਨਿੱਜੀ ਸਾਮਾਨ ਵਿੱਚ ਜੋ ਕੁਝ ਸੌਂਪਿਆ, ਉਹ ਸੀ ਗੁਰੂ ਗ੍ਰੰਥ ਸਾਹਿਬ ਦੀ ਛੋਟੀ ਬੀੜ ਸਾਹਿਬ। ਭਾਈ ਸਾਹਿਬ ਦੇ ਜੀਵਨ ਦਾ ਹਰ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈ ਕੇ ਜਬਰ- ਜ਼ੁਲਮ ਤਸ਼ੱਦਦ, ਗੁਲਾਮੀ ਅਤੇ ਅਣ-ਮਨੁੱਖੀ ਵਰਤਾਰੇ ਖ਼ਿਲਾਫ਼ ਲੜ-ਮਰਨ ਦਾ ਸੀ।

ਜਦੋਂ ਆਪ ਜੀ ਨੂੰ ਬੈਂਕਾਕ ਵਿੱਚ ਪਹਿਲੀ ਅਗਸਤ ਸੰਨ 1915 ਨੂੰ ਗਿਫ਼ਤਾਰ ਕੀਤਾ ਗਿਆ, ਉਸ ਵੇਲੇ ਵੀ ਆਪ ਜੀ ਕੋਲੋਂ ਜੋ ਜੇਬ ਡਾਇਰੀ ਮਿਲੀ, ਉਸ ਦੇ ਬਾਹਰ 'ਜ਼ਫ਼ਰਨਾਮਾ' ਵਿੱਚੋਂ ਇਹ ਸ਼ਬਦ ਅੰਕਿਤ ਸਨ

"ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥"

ਸ਼ਹੀਦ ਭਾਈ ਬਲਵੰਤ ਸਿੰਘ ਦੇ ਕੁਰਬਾਨੀਆਂ ਦੇ ਇਤਿਹਾਸਕ ਪੱਖਾਂ ਨੂੰ ਸਮਝਣ ਦੀ ਲੋੜ ਹੈ, ਜਿਹਨਾਂ ਇੱਕੋ ਸਮੇਂ 'ਵਿਚਾਰਾਂ ਅਤੇ ਹਥਿਆਰਾਂ' ਦੇ ਸੰਘਰਸ਼ ਨਾਲ, ਜ਼ਾਲਮ ਹਕੂਮਤ ਨੂੰ ਭਾਜੜਾਂ ਪਾਈਆਂ ਅਤੇ ਇਹ ਸਿੱਧ ਕਰ ਦਿੱਤਾ ਕਿ

"ਜਦ ਧਿਰ ਉਪਾਵਾਂ ਦੀ ਹਾਰਦੀ ਹੈ,
ਤਾਂ ਜਾਇਜ਼ ਵਰਤੋਂ ਤਲਵਾਰ ਦੀ ਹੈ।"




**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਜਿੱਥੇ ਡੁੱਲ੍ਹਦਾ ਖੂਨ ਸ਼ਹੀਦਾਂ ਦਾ, ਉੱਥੇ ਉੱਗਦਾ ਰੁੱਖ ਆਜ਼ਾਦੀ ਦਾ।
ਸਦੀਆਂ ਤੀਕ ਦੁਨੀਆਂ ਯਾਦ ਰੱਖੂ, ਸਾਕਾ ਜ਼ਾਲਮ ਦੀ ਬਰਬਾਦੀ ਦਾ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ


ਵਲੋਂ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਕਾਂ ਡਾਹ ਕੇ ਅਥਾਹ ਕੁਰਬਾਨੀਆਂ ਕਰਨ ਵਾਲੇ ਬਹਾਦਰ ਯੋਧਿਆਂ ਅਤੇ ਸਮੁੱਚੀ ਗ਼ਦਰ ਪਾਰਟੀ ਨੂੰ ਸਮਰਪਿਤ

# 24ਵਾਂ 'ਮੇਲਾ ਗ਼ਦਰੀ ਬਾਬਿਆਂ ਦਾ'


ਕਰਤਾਰ ਸਿੰਘ ਸਰਾਭਾ


ਬਾਬਾ ਜਵਾਲਾ ਸਿੰਘ


ਬਾਬਾ ਵਿਸਾਖਾ ਸਿੰਘ


ਬਾਬਾ ਸੋਹਣ ਸਿੰਘ ਭਕਨਾ


ਗਦਰੀ ਸੰਤੋਖ ਸਿੰਘ ਧਰਦਿਓ

## 12 ਅਪ੍ਰੈਲ 2026, ਦਿਨ ਐਤਵਾਰ, ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ

**Central High School, East Campus Performing Art Center 3535 N. Cornelia Ave, Fresno, CA 93722**

## ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਪਹੁੰਚ ਰਹੇ ਗਾਇਕ ਕਲਾਕਾਰ


ਲਾਲੀ ਤੱਖਰ


ਰਾਜ ਬਰਾੜ

ਮੰਚ ਸੰਚਾਲਨ


ਆਸ਼ਾ ਸ਼ਰਮਾ

**ਚਾਹ ਪਾਣੀ ਤੇ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

ਆਓ ਸਾਰੇ ਪਰਿਵਾਰਾਂ ਸਮੇਤ ਰਲ ਮਿਲ ਕੇ ਦੇਸ਼ ਕੌਮ ਲਈ ਜਾਨਾਂ ਵਾਰਨ ਅਤੇ ਅੱਤ ਦਾ ਤਸ਼ੱਦਦ ਝੱਲਣ ਵਾਲੇ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।

**ਹੋਰ ਪ੍ਰੋਗਰਾਮ:**
**ਗੀਤ, ਕਵਿਤਾਵਾਂ, ਭਾਸ਼ਨ, ਗਿੱਧਾ ਤੇ ਭੰਗੜਾ**

4.0 ਗਰੇਡ ਵਾਲੇ ਵਿਦਿਆਰਥੀਆਂ ਦਾ ਸਨਮਾਨ
ਵਿਦਿਆਰਥੀਆਂ ਦਾ ਨਾਮ ਰਜਿਸਟਰ ਕਰਨ ਲਈ ਵਿਦਿਆਰਥੀ ਦਾ ਨਾਮ, ਸੰਪਰਕ ਫੋਨ ਨੰਬਰ ਅਤੇ ਸਕੂਲ ਗਰੇਡ ਸ਼ੀਟ ਜਾਂ ਰਿਪੋਰਟ ਕਾਰਡ ਦੀ ਕਾਪੀ ਈਮੇਲ ਐੱਡਰੈੱਸ IAHForum@gmail.com ਤੇ ਭੇਜਣੀ ਜ਼ਰੂਰੀ ਹੋਵੇਗੀ।

ਸੰਪਰਕ: ਸ਼ਰਨਜੀਤ ਧਾਲੀਵਾਲ (559) 974-8383

**Chief Guest & Speaker**
ਮੁੱਖ ਮਹਿਮਾਨ ਅਤੇ ਬੁਲਾਰਾ


Social Activist
**Dr. Swaiman Singh**

ਦੇਸ਼ ਲਈ ਕੁਰਬਾਨੀ ਕਰਨ ਵਾਲੇ ਮਹਾਨ ਸ਼ਹੀਦਾਂ ਤੇ ਗਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਲਗਾਈ ਜਾਵੇਗੀ।

**ਬੱਚਿਆਂ ਦੇ ਡਰਾਇੰਗ ਮੁਕਾਬਲੇ ਕਰਵਾਏ ਜਾਣਗੇ**

4.0 ਵਾਲੇ ਵਿਦਿਆਰਥੀ ਅਤੇ ਡਰਾਇੰਗ ਮੁਕਾਬਲੇ ਵਿੱਚ ਹਿੱਸਾ ਲੈਣ ਦੇ ਚਾਹਵਾਨ
ਫੋਰਮ ਦੀ ਈਮੇਲ iahforum@gmail.com ਤੇ ਆਪਣੀ ਜਾਣਕਾਰੀ ਭੇਜ ਕੇ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ

**ਜੀ.ਐੱਚ.ਜੀ ਡਾਂਸ ਅਤੇ ਸੰਗੀਤ ਅਕੈਡਮੀ ਦੀਆਂ ਟੀਮਾਂ ਵਲੋਂ ਗਿੱਧਾ ਤੇ ਭੰਗੜਾ ਪੇਸ਼ ਕੀਤਾ ਜਾਵੇਗਾ**

**ਮੇਲਾ ਕਮੇਟੀ**

ਨਵਦੀਪ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਬਦੇਸ਼ਾ, ਮਹਿੰਦਰ ਸਿੰਘ ਢਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਪਰਗਟ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਢੇਸੀ, ਸ਼ਰਨਜੀਤ ਕੌਰ ਧਾਲੀਵਾਲ, ਪਰਮਜੀਤ ਸਿੰਘ ਢਿੱਲੋਂ, ਗੁਰਮੀਤ ਸਿੰਘ ਗਿੱਲ, ਦਲਜੀਤ ਸਿੰਘ ਰਿਆੜ, ਗੁਰਮੀਤ ਸਿੰਘ ਗਾਜੀਆਣਾ, ਇੰਦਰਜੀਤ ਚੋਗਾਵਾਂ, ਤਾਰਾ ਸਿੰਘ ਸੰਧੂ, ਭੁਪਿੰਦਰ ਕੌਰ ਬਦੇਸ਼ਾ, ਬਲਬੀਰ ਕੌਰ ਧਾਲੀਵਾਲ, ਹਰਿੰਦਰ ਕੌਰ, ਰਵਿੰਦਰ ਕੌਰ ਢਾਹ, ਬਲਵਿੰਦਰ ਕੌਰ ਧਾਲੀਵਾਲ, ਪ੍ਰੀਤ ਕੌਰ ਗਿੱਲ, ਦਰਸ਼ਨ ਕੌਰ ਗਿੱਲ, ਪਰਮਜੀਤ ਕੌਰ ਗਿੱਲ, ਸੁਖਜਿੰਦਰ ਕੌਰ ਢਿੱਲੋਂ, ਮਨੁਵੀਰ ਕੌਰ ਧਾਲੀਵਾਲ, ਕਿਰਨਜੀਤ ਕੌਰ ਧਾਲੀਵਾਲ, ਟਹਿਲ ਸਿੰਘ ਢੇਸੀ, ਤਲਵਿੰਦਰ ਸਿੰਘ ਜੌਹਲ, ਜੋਗਾ ਸਿੰਘ ਬਦੇਸ਼ਾ, ਸੁਰਿੰਦਰ ਸਿੰਘ ਬਿੰਦ, ਡਾ. ਮਲਕੀਤ ਸਿੰਘ ਕਿੰਗਰਾ, ਪ੍ਰਿੰਸੀਪਲ ਬਲਵਿੰਦਰ ਸਿੰਘ, ਹਰਮਨ ਸਿੰਘ ਗਿੱਲ, ਦਲਜੀਤ ਸਿੰਘ ਗਰੇਵਾਲ, ਡਾ. ਅਰਜਨ ਸਿੰਘ ਜੋਸਨ, ਗੁਰਪ੍ਰੀਤ ਸਿੰਘ ਖਾਨਖਾਨਾ, ਉਦੇਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਗੁਰਨਾਮ ਸਿੰਘ ਬਿੰਜਲ, ਮਾਸਟਰ ਸ਼ਮਸ਼ੇਰ ਸਿੰਘ, ਰਾਜ ਮੋਗਾ, ਜਗਰੂਪ ਸਿੰਘ ਧਾਲੀਵਾਲ, ਹਰਨੇਕ ਸਿੰਘ ਲੋਹਗੜ, ਸੁੱਖੀ ਹੇਅਰ, ਬਲਵਿੰਦਰ ਸਿੰਘ ਮੰਡੇਰ, ਅਮੋਲਕ ਸਿੰਘ ਸਿੱਧੂ, ਮੇਜਰ ਸਿੰਘ ਸੇਖੋਂ, ਸੁਖਪਾਲ ਸਿੰਘ ਧਾਲੀਵਾਲ, ਜਸਪਾਲ ਸਿੰਘ ਧਾਲੀਵਾਲ, ਮਨਵੀਰ ਸਿੰਘ ਭੁੱਲਰ, ਗੁਰਬਖਸ਼ ਸਿੰਘ ਸਿੱਧੂ, ਸ਼ੇਰ ਸਿੰਘ ਘਣਗੱਸ, ਗੈਰੀ ਢੇਸੀ, ਦਵਿੰਦਰ ਸਿੰਘ ਗਰੇਵਾਲ, ਬਹਾਦਰ ਸਿੰਘ ਭੰਗਲ, ਕਮਲਜੀਤ ਕੌਰ ਭੰਗਲ, ਪਵਿੰਦਰਜੀਤ ਸਿੰਘ ਮਾਨ, ਇੰਦਰਜੀਤ ਸਿੰਘ ਬਰਾੜ, ਰਾਜ ਅਲੀ, ਅੰਗਰੇਜ ਸਿੰਘ।

**ਸਰਪ੍ਰਸਤ: ਜਸਵੰਤ ਸਿੰਘ ਮਾਨ, ਕਰਮ ਸਿੰਘ ਮਾਨ**

**ਵਿਸ਼ੇਸ਼ ਧੰਨਵਾਦ:**
ਰੇਡੀਓ 900 ਏ.ਐੱਮ. ਦੇ ਸਾਰੇ ਪੰਜਾਬੀ ਹੋਸਟ, ਪੰਜਾਬੀ ਰੇਡੀਓ ਯੂ.ਐੱਸ.ਏ., ਰੇਡੀਓ 620 ਏ.ਐੱਮ ਰੇਡੀਓ ਐਫ.ਐੱਮ 94.3, ਸਾਰੇ ਪੰਜਾਬੀ ਅਖਬਾਰ, ਜੀ.ਐੱਚ. ਜੀ ਸੰਗੀਤ ਐਂਡ ਡਾਂਸ ਅਕੈਡਮੀ।

**ਹੋਰ ਜਾਣਕਾਰੀ ਲਈ ਸੰਪਰਕ**
ਨਵਦੀਪ ਸਿੰਘ ਧਾਲੀਵਾਲ ਪ੍ਰਧਾਨ................(559) 287-0822
ਹਰਜਿੰਦਰ ਸਿੰਘ ਢੇਸੀ ਸੈਕਰਟੀ................(559) 618-0156
ਗੁਰਮੀਤ ਸਿੰਘ ਗਿੱਲ................(805) 215-0681
ਗੁਰਮੀਤ ਸਿੰਘ ਗਾਜੀਆਣਾ................(559) 801-8200

REALTY UNPLUGGED

# ਤੁਹਾਡੀਆਂ ਜੜ੍ਹਾਂ ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕ ਿਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੇਂਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਿਰਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਿਰਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:** 7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ

**2020 ਚੰਡੀਗੜ੍ਹ:** 4 ਸਾਲਾਂ ਵਿੱਚ ਦੁੱਗਣਾ ਵਾਧਾ

**2022 ਪੁਣੇ:** 2 ਸਾਲਾਂ ਵਿੱਚ 58% ਵਾਧਾ

ਆਪਣੇ ਭਵੱਿਖ ਨੂੰ ਸੁਰੱਖਅਿਤ ਕਰੋ - ਅੱਜ ਹੀ!

**Call : +91 73038-88722**

**Subhiney Chabra : +91 97802-06080**

Let's Start!

ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।
ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਕਰਾਚੀ 'ਚ ਨਾਬਾਲਗ ਈਸਾਈ ਕੁੜੀਆਂ ਦੇ ਜ਼ਬਰਦਸਤੀ ਵਿਆਹ ਅਤੇ ਧਰਮ ਪਰਿਵਰਤਨ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ

**ਕਰਾਚੀ**
**ਸਾਂਝੀ ਸੋਚ ਬਿਊਰੋ**

ਪਾਕਿਸਤਾਨ ਦੇ ਕਰਾਚੀ ਵਿੱਚ ਈਸਾਈ ਸਮੂਹਾਂ ਅਤੇ ਅਧਿਕਾਰ ਕਾਰਕੁਨਾਂ ਨੇ ਇੱਕ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਵਿੱਚ ਉਨ੍ਹਾਂ ਨੇ ਦੇਸ਼ ਭਰ ਵਿੱਚ ਆਪਣੇ ਭਾਈਚਾਰੇ ਦੀਆਂ ਨਾਬਾਲਗ ਕੁੜੀਆਂ ਨਾਲ ਜੁੜੇ ਜ਼ਬਰਦਸਤੀ ਵਿਆਹ ਅਤੇ ਧਾਰਮਿਕ ਪਰਿਵਰਤਨ ਦੀ ਵੱਧ ਰਹੀ ਲਹਿਰ ਬਾਰੇ ਡੂੰਘੀ ਚਿੰਤਾ ਪ੍ਰਗਟ ਕੀਤੀ, ਇੱਕ ਪ੍ਰਮੁੱਖ ਘੱਟ ਗਿਣਤੀ ਅਧਿਕਾਰ ਸਮੂਹ ਨੇ ਬੁੱਧਵਾਰ ਨੂੰ ਕਿਹਾ। ਵੌਇਸ ਆਫ਼ ਪਾਕਿਸਤਾਨ ਮਾਈਨੋਰਿਟੀ (ਵੀਓਪੀਐਮ) ਦੇ ਅਨੁਸਾਰ, 29 ਮਾਰਚ ਨੂੰ ਨੈਸ਼ਨਲ ਕ੍ਰਿਸ਼ਚੀਅਨ ਪਾਰਟੀ, ਗਵਾਹੀ ਮਿਸ਼ਨ ਟਰੱਸਟ ਅਤੇ ਹੋਰ ਸਿਵਲ ਸੋਸਾਇਟੀ ਸਮੂਹਾਂ ਦੁਆਰਾ ਆਯੋਜਿਤ ਪ੍ਰਦਰਸ਼ਨ ਨੇ ਕਰਾਚੀ ਭਰ ਦੇ ਪਰਿਵਾਰਾਂ ਅਤੇ ਧਾਰਮਿਕ ਆਗੂਆਂ ਨੂੰ ਇਕੱਠਾ ਕੀਤਾ ਭਾਗੀਦਾਰਾਂ ਨੇ "ਸਾਡੀਆਂ ਧੀਆਂ ਦੀ ਰੱਖਿਆ ਕਰੋ" ਵਰਗੇ ਨਾਅਰੇ ਲਗਾਏ। ਅਧਿਕਾਰ ਸੰਸਥਾ ਨੇ ਪ੍ਰਦਰਸ਼ਨਕਾਰੀਆਂ ਦਾ ਹਵਾਲਾ ਦਿੰਦੇ ਹੋਏ ਦੋਸ਼ ਲਗਾਇਆ ਕਿ ਛੋਟੀਆਂ ਕੁੜੀਆਂ, ਜਿਨ੍ਹਾਂ ਵਿੱਚੋਂ ਕੁਝ ਛੋਟੀਆਂ ਹੀ ਸਨ, ਨੂੰ ਅਗਵਾ ਕੀਤਾ ਜਾ ਰਿਹਾ ਸੀ, ਧਰਮ ਪਰਿਵਰਤਨ ਲਈ ਜ਼ਬਰਦਸਤੀ ਧਰਮ ਪਰਿਵਰਤਨ ਕੀਤਾ ਜਾ ਰਿਹਾ ਸੀ ਅਤੇ ਕਾਫ਼ੀ ਵੱਡੀ ਉਮਰ ਦੇ ਮਰਦਾਂ ਨਾਲ ਵਿਆਹ ਕਰਵਾ ਦਿੱਤਾ ਗਿਆ ਸੀ।



ਭਾਗੀਦਾਰਾਂ ਨੇ ਅੱਗੇ ਦਲੀਲ ਦਿੱਤੀ ਕਿ "ਇਹ ਘਟਨਾਵਾਂ ਨਾ ਸਿਰਫ਼ ਮਨੁੱਖੀ ਅਧਿਕਾਰਾਂ ਦੀ ਗੰਭੀਰ ਉਲੰਘਣਾ ਸਨ, ਸਗੋਂ ਬਚਪਨ ਦੀ ਧਾਰਨਾ 'ਤੇ ਵੀ ਹਮਲਾ ਸਨ।"ਅਸੀਂ ਇੱਕ ਸ਼ਾਂਤੀਪੂਰਨ ਭਾਈਚਾਰਾ ਹਾਂ, ਪਰ ਸਾਡੀਆਂ ਧੀਆਂ ਡਰ ਵਿੱਚ ਰਹਿੰਦੀਆਂ ਹਨ ਲੈ ਜਾਣ ਦਾ ਡਰ, ਕਦੇ ਘਰ ਵਾਪਸ ਨਾ ਆਉਣ ਦਾ ਡਰ। ਵੀਓਪੀਐਮ ਨੇ ਇੱਕ ਬੁਲਾਰੇ ਦੇ ਹਵਾਲੇ ਨਾਲ ਕਿਹਾ। ਉਨ੍ਹਾਂ ਦੀਆਂ ਮੰਗਾਂ ਸਪੱਸ਼ਟ ਸਨ: ਕਿਤਾਬਾਂ 'ਤੇ ਪਹਿਲਾਂ ਤੋਂ ਮੌਜੂਦ ਕਾਨੂੰਨਾਂ ਨੂੰ ਲਾਗੂ ਕਰੋ, ਜਿੱਥੇ ਪਾੜੇ ਹਨ ਉੱਥੇ ਮਜ਼ਬੂਤ ਕਾਨੂੰਨ ਪਾਸ ਕਰੋ, ਅਤੇ ਹਰ ਨਾਗਰਿਕ ਲਈ ਸੁਰੱਖਿਆ, ਵਿਸ਼ਵਾਸ ਅਤੇ ਸਨਮਾਨ ਦੇ ਅਧਿਕਾਰ ਨੂੰ ਯਕੀਨੀ ਬਣਾਓ ਭਾਵੇਂ ਧਰਮ ਕੋਈ ਵੀ ਹੋਵੇ।

ਵੀਓਪੀਐਮ ਨੇ ਨੋਟ ਕੀਤਾ ਕਿ ਪ੍ਰਦਰਸ਼ਨਕਾਰੀਆਂ ਨੇ ਇੱਕ ਪਾਕਿਸਤਾਨੀ ਅਦਾਲਤ ਦੇ ਇੱਕ ਹਾਲ ਹੀ ਦੇ ਵਿਵਾਦਪੂਰਨ ਫੈਸਲੇ ਵੱਲ ਵੀ ਇਸ਼ਾਰਾ ਕੀਤਾ ਜਿਸ ਵਿੱਚ ਜ਼ਬਰਦਸਤੀ ਧਰਮ ਪਰਿਵਰਤਨ ਕੀਤੀ ਗਈ 13 ਸਾਲਾ ਈਸਾਈ ਕੁੜੀ, ਮਾਰੀਆ ਦਾ ਵਿਆਹ ਇੱਕ ਮੁਸਲਿਮ ਵਿਅਕਤੀ ਨਾਲ ਕੀਤਾ ਗਿਆ ਸੀ ਜਿਸ 'ਤੇ ਉਸਨੂੰ ਅਗਵਾ ਕਰਨ ਦਾ ਦੋਸ਼ ਸੀ ਘੱਟ ਗਿਣਤੀ ਭਾਈਚਾਰਿਆਂ ਵਿੱਚ ਅਨਿਸ਼ਚਿਤਤਾ ਅਤੇ ਡਰ ਨੂੰ ਹੋਰ ਡੂੰਘਾ ਕਰ ਰਿਹਾ ਹੈ।

"ਇੱਕ ਬੱਚਾ, ਜੋ ਕਾਨੂੰਨੀ ਤੌਰ 'ਤੇ ਆਪਣਾ ਆਈਡੀ ਕਾਰਡ ਪ੍ਰਾਪਤ ਨਹੀਂ ਕਰ ਸਕਦਾ, ਨੂੰ ਧਰਮ ਜਾਂ ਵਿਆਹ ਬਾਰੇ ਫੈਸਲਾ ਲੈਣ ਲਈ ਕਾਫ਼ੀ ਪਰਿਪੱਕ ਕਿਵੇਂ ਮੰਨਿਆ ਜਾ ਸਕਦਾ ਹੈ?" ਅਧਿਕਾਰ ਸੰਸਥਾ ਨੇ ਇੱਕ ਭਾਗੀਦਾਰ ਦੇ ਹਵਾਲੇ ਨਾਲ ਸਵਾਲ ਕੀਤਾ। ਪ੍ਰਦਰਸ਼ਨਕਾਰੀਆਂ ਨੇ ਪਾਕਿਸਤਾਨ ਦੀ ਸੰਘੀ ਸੰਵਿਧਾਨਕ ਅਦਾਲਤ ਦੇ ਚੀਫ ਜਸਟਿਸ ਨੂੰ ਫੈਸਲੇ ਦੀ ਸਮੀਖਿਆ ਕਰਨ ਦੀ ਅਪੀਲ ਕੀਤੀ, ਜਦੋਂ ਕਿ ਦੇਸ਼ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਤੁਰੰਤ ਨੋਟਿਸ ਲੈਣ ਦੀ ਅਪੀਲ ਕੀਤੀ।


ਕਾਨੂੰਨੀ ਸੁਧਾਰਾਂ ਤੋਂ ਇਲਾਵਾ, ਅਧਿਕਾਰ ਸੰਸਥਾ ਨੇ ਕਿਹਾ, ਭਾਗੀਦਾਰਾਂ ਨੇ "ਨੈਤਿਕ ਏਕਤਾ ਦੀ ਅਪੀਲ ਕੀਤੀ ਮੁਸਲਿਮ, ਈਸਾਈ, ਹਿੰਦੂ ਅਤੇ ਸਿੱਖ ਭਾਈਚਾਰਿਆਂ ਲਈ ਪੂਰੇ ਪਾਕਿਸਤਾਨ ਵਿੱਚ ਬੇਇਨਸਾਫ਼ੀ ਦਾ ਸਾਹਮਣਾ ਕਰਨ ਲਈ ਇਕੱਠੇ ਖੜ੍ਹੇ ਹੋਣ ਲਈ। "ਅਸੀਂ ਵਿਸ਼ੇਸ਼ ਅਧਿਕਾਰ ਨਹੀਂ ਮੰਗ ਰਹੇ ਹਾਂ। ਅਸੀਂ ਸੁਰੱਖਿਆ ਦੀ ਮੰਗ ਕਰ ਰਹੇ ਹਾਂ ਹਰ ਬੱਚੇ ਦੇ ਡਰ ਤੋਂ ਬਿਨਾਂ ਸੁਪਨੇ ਦੇਖਣ ਦੇ ਅਧਿਕਾਰ ਲਈ," ਡੌਫੰ ਨੇ ਇੱਕ ਪ੍ਰਮੁੱਖ ਪਾਕਿਸਤਾਨੀ ਈਸਾਈ ਕਾਰਕੁਨ ਸੁਲਤਾਨ ਸਰਦਾਰ ਭੱਟੀ ਦੇ ਹਵਾਲੇ ਨਾਲ ਕਿਹਾ।

# 4 ਵਾਰ ਦਾ ਚੈਂਪੀਅਨ ਇਟਲੀ ਫੀਫਾ ਵਿਸ਼ਵ ਕੱਪ ਲਈ ਕੁਆਲੀਫਾਈ ਕਰਨ 'ਚ ਅਸਫਲ

## ਪਲੇਆਫ ਹਾਰਨ ਤੋਂ ਬਾਅਦ ਇਟਲੀ ਲਗਾਤਾਰ ਤੀਜੀ ਵਾਰ ਫੀਫਾ ਵਿਸ਼ਵ ਕੱਪ ਤੋਂ ਖੁੰਝਿਆ

**ਬਰਲਿਨ**
**ਸਾਂਝੀ ਸੋਚ ਬਿਊਰੋ**

ਚਾਰ ਵਾਰ ਦਾ ਚੈਂਪੀਅਨ ਇਟਲੀ ਲਗਾਤਾਰ ਤੀਜੀ ਵਾਰ ਫੀਫਾ ਵਿਸ਼ਵ ਕੱਪ ਵਿੱਚ ਜਗ੍ਹਾ ਪੱਕੀ ਕਰਨ ਵਿੱਚ ਅਸਫਲ ਰਿਹਾ ਹੈ। ਵਿਸ਼ਵ ਕੱਪ ਲਈ ਯੂਰਪੀਅਨ ਕੁਆਲੀਫਾਈਰਾਂ ਦੇ ਫਾਈਨਲ ਵਿੱਚ, ਉਸਨੂੰ ਬੋਸਨੀਆ ਅਤੇ ਹਰਜ਼ੇਗੋਵਿਨਾ ਦੇ ਹੱਥੋਂ ਪੈਨਲਟੀ ਸ਼ੂਟਆਊਟ ਵਿੱਚ 1-4 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਫੀਫਾ ਵਿਸ਼ਵ ਕੱਪ ਅਗਲੇ ਸਾਲ 11 ਜੂਨ ਤੋਂ 19 ਜੁਲਾਈ ਤੱਕ ਸੰਯੁਕਤ ਰਾਜ, ਕੈਨੇਡਾ ਅਤੇ ਮੈਕਸੀਕੋ ਵਿੱਚ ਖੇਡਿਆ ਜਾਣਾ ਹੈ। ਇਹ ਵਿਸ਼ਵ ਕੱਪ ਦਾ 23ਵਾਂ ਐਡੀਸ਼ਨ ਹੋਵੇਗਾ। ਮੈਚ 16 ਵੱਖ-ਵੱਖ ਸ਼ਹਿਰਾਂ ਵਿੱਚ ਆਯੋਜਿਤ ਕੀਤੇ ਜਾਣਗੇ। ਟੂਰਨਾਮੈਂਟ ਦੇ ਇਤਿਹਾਸ ਵਿੱਚ ਪਹਿਲੀ ਵਾਰ, 48 ਟੀਮਾਂ ਹਿੱਸਾ ਲੈ ਰਹੀਆਂ ਹਨ, ਅਤੇ ਇਹ ਪ੍ਰੋਗਰਾਮ ਇੱਕੋ ਸਮੇਂ ਤਿੰਨ ਦੇਸ਼ਾਂ ਦੁਆਰਾ ਸਹਿ-ਮੇਜ਼ਬਾਨੀ ਕੀਤਾ ਜਾ ਰਿਹਾ ਹੈ ਯੂਰਪੀਅਨ ਕੁਆਲੀਫਾਈਰਾਂ ਦਾ ਫਾਈਨਲ ਮੈਚ ਅੱਜ ਜ਼ੇਨਿਕਾ ਵਿੱਚ ਹੋਇਆ। ਇਹ ਚਾਰ ਵਾਰ ਦੇ ਵਿਸ਼ਵ ਚੈਂਪੀਅਨ ਇਟਲੀ ਲਈ ਇੱਕ ਉਮੀਦਜਨਕ ਸ਼ੁਰੂਆਤ ਸੀ। ਮੈਚ ਦੇ 15ਵੇਂ ਮਿੰਟ ਵਿੱਚ, ਮੋਇਸ ਕੀਨ ਨੇ ਗੋਲ ਕਰਕੇ ਆਪਣੀ ਟੀਮ ਨੂੰ ਲੀਡ ਦਿਵਾਈ। ਹਾਲਾਂਕਿ, ਪਹਿਲੇ ਹਾਫ ਦੇ ਖਤਮ ਹੋਣ ਤੋਂ ਠੀਕ ਪਹਿਲਾਂ, ਡਿਫੈਂਡਰ ਅਲੇਸੈਂਡਰੋ ਬੈਸਟੋਨੀ ਨੂੰ ਲਾਲ ਕਾਰਡ ਮਿਲਿਆ, ਜਿਸ ਨਾਲ ਇਟਲੀ ਨੂੰ ਸਿਰਫ਼ 10 ਖਿਡਾਰੀਆਂ ਨਾਲ ਖੇਡਣ ਲਈ ਮਜਬੂਰ ਹੋਣਾ ਪਿਆ। ਬੋਸਨੀਆ ਨੇ ਦੂਜੇ ਹਾਫ ਵਿੱਚ ਇਸ ਬੜ੍ਹਤ ਦਾ ਫਾਇਦਾ ਉਠਾਇਆ; 79ਵੇਂ ਮਿੰਟ ਵਿੱਚ, ਹੈਰਿਸ ਤਾਬਾਕੋਵਿਕ ਨੇ ਗੋਲ ਕਰਕੇ ਸਕੋਰ 1-1 ਨਾਲ ਬਰਾਬਰ ਕਰ ਦਿੱਤਾ। ਪੂਰੇ ਸਮੇਂ ਜਾਂ ਵਾਧੂ ਸਮੇਂ ਦੌਰਾਨ ਕੋਈ ਵੀ ਟੀਮ ਲੀਡ ਨਹੀਂ ਲੈ ਸਕੀ, ਜਿਸ ਨਾਲ ਮੈਚ ਪੈਨਲਟੀ ਸ਼ੂਟਆਊਟ ਵਿੱਚ ਚਲਾ ਗਿਆ। ਸ਼ੂਟਆਊਟ ਦੌਰਾਨ ਦਬਾਅ ਹੇਠ, ਇਤਾਲਵੀ ਟੀਮ ਢਹਿ ਗਈ। ਪਿਓ ਐਸਪੋਸਿਟੋ ਅਤੇ ਬ੍ਰਾਇਨ ਕ੍ਰਿਸਟਾਂਤੇ ਦੋਵੇਂ ਆਪਣੇ ਪੈਨਲਟੀ ਖੁੰਝ ਗਏ, ਜਦੋਂ ਕਿ ਬੋਸਨੀਆ ਦੀ ਅਸਮੀਰਾ ਬਜਰਾਕਤਾਰੇਵਿਕ ਨੇ ਫੈਸਲਾਕੁੰਨ ਗੋਲ ਕਰਕੇ ਆਪਣੀ ਟੀਮ ਲਈ ਇਤਿਹਾਸਕ ਜਿੱਤ ਹਾਸਲ ਕੀਤੀ। ਪੈਨਲਟੀ ਸ਼ੂਟਆਊਟ ਵਿੱਚ, ਬੋਸਨੀਆ ਨੇ 4 ਗੋਲ ਕੀਤੇ, ਜਦੋਂ ਕਿ ਇਟਲੀ ਸਿਰਫ਼ 1 ਗੋਲ ਹੀ ਕਰ ਸਕਿਆ।



# ਐੱਚ-1ਬੀ ਵੀਜ਼ਾ ਨਿਯਮਾਂ 'ਚ ਅਮਰੀਕਾ ਨੇ ਕੀਤੇ ਵੱਡੇ ਬਦਲਾਅ: 1 ਅਪ੍ਰੈਲ ਤੋਂ ਨਵੇਂ ਨਿਯਮ ਲਾਗੂ

**ਵਾਸ਼ਿੰਗਟਨ**
**ਸਾਂਝੀ ਸੋਚ ਬਿਊਰੋ**

ਅਮਰੀਕਾ ਨੇ ਐੱਚ-1ਬੀ ਅਤੇ ਹੋਰ ਕੰਮਕਾਜੀ ਵੀਜ਼ਿਆਂ ਲਈ ਵਰਤੇ ਜਾਣ ਵਾਲੇ ਫਾਰਮ ਆਈ-129 ਦੇ ਨਿਯਮਾਂ ਵਿਚ ਬਦਲਾਅ ਕੀਤਾ ਹੈ। ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂਐੱਸਸੀਆਈਐੱਸ) ਨੇ ਫਾਰਮ ਆਈ-129 ਨਾਲ ਸਬੰਧਤ ਨਿਯਮਾਂ ਵਿਚ ਮਹੱਤਵਪੂਰਨ ਬਦਲਾਅ ਕੀਤੇ ਹਨ। ਇਹ ਨਵੇਂ ਨਿਯਮ 1 ਅਪ੍ਰੈਲ, 2026 ਤੋਂ ਲਾਗੂ ਹੋਣਗੇ। ਇਸ ਬਦਲਾਅ ਤੋਂ ਬਾਅਦ ਪੁਰਾਣੇ ਫਾਰਮ (01/20/25 ਐਡੀਸ਼ਨ) ਦੀ ਵਰਤੋਂ ਕਰਕੇ ਜਮ੍ਹਾਂ ਕੀਤੀ ਗਈ ਕੋਈ ਵੀ ਅਰਜ਼ੀ ਸਵੀਕਾਰ ਨਹੀਂ ਕੀਤੀ ਜਾਵੇਗੀ। ਫਾਰਮ ਆਈ-129 ਦੀ ਵਰਤੋਂ ਅਮਰੀਕੀ ਕੰਪਨੀਆਂ ਦੁਆਰਾ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਲਈ ਕੀਤੀ ਜਾਂਦੀ ਹੈ। ਇਹ ਫਾਰਮ ਉਨ੍ਹਾਂ ਲੋਕਾਂ ਦੁਆਰਾ ਭਰਿਆ ਜਾਂਦਾ ਹੈ, ਜੋ ਕੰਮ ਕਰਨ ਜਾਂ ਸਿਖਲਾਈ ਲੈਣ ਲਈ ਅਸਥਾਈ ਤੌਰ 'ਤੇ ਅਮਰੀਕਾ ਆਉਂਦੇ ਹਨ। ਇਹ ਵੱਖ-ਵੱਖ ਗੈਰ-ਪ੍ਰਵਾਸੀ ਵੀਜ਼ਿਆਂ ਨੂੰ ਕਵਰ ਕਰਦਾ ਹੈ, ਜਿਵੇਂ ਕਿ ਐੱਚ-1ਬੀ, ਐੱਚ-2ਏ, ਐੱਚ-1ਬੀ, ਐੱਚ-3, ਐੱਲ-1, ਓ-1, ਓ-2, ਪੀ-1, ਪੀ-1ਐੱਸ, ਪੀ-2, ਪੀ-2ਐੱਸ, ਪੀ-3, ਪੀ-3ਐੱਸ, ਕਿਊ-1, ਅਤੇ ਆਰ-1।

ਫਾਰਮ ਆਈ-129 ਦੇ ਨਵੇਂ ਸੰਸਕਰਣ ਵਿਚ ਵਿੱਤੀ ਸਾਲ 2027 ਐੱਚ-1ਬੀ ਕੈਪ ਸੀਜ਼ਨ ਲਈ ਕਈ ਮਹੱਤਵਪੂਰਨ ਬਦਲਾਅ ਸ਼ਾਮਲ ਹਨ। ਇਹ ਹੁਣ ਇੱਕ ਨਵੀਂ ਤਨਖਾਹ-ਆਧਾਰਿਤ ਲਾਟਰੀ ਪ੍ਰਣਾਲੀ ਦੇ ਅਧੀਨ ਕੰਮ ਕਰੇਗਾ। ਨਵੇਂ ਫਾਰਮ ਵਿਚ ਮਾਲਕਾਂ ਨੂੰ ਨੌਕਰੀ ਲਈ ਲੋੜੀਂਦੀ ਘੱਟੋ-ਘੱਟ ਸਿੱਖਿਆ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਦੇਣੀ ਹੋਵੇਗੀ। ਇਸ ਦੇ ਨਾਲ ਹੀ ਅਧਿਐਨ ਦਾ ਸਹੀ ਵਿਸ਼ਾ, ਲੋੜੀਂਦਾ ਘੱਟੋ-ਘੱਟ ਤਜ਼ਰਬਾ ਅਤੇ ਇਹ ਵੀ ਦੱਸਣਾ ਹੋਵੇਗਾ, ਕੀ ਉਸ ਅਹੁਦੇ ਵਿਚ ਸੁਪਰਵਾਈਜ਼ਰ ਦੀਆਂ ਜ਼ਿੰਮੇਵਾਰੀਆਂ ਸ਼ਾਮਲ ਹਨ। ਇਹ ਉਹੀ ਜਾਣਕਾਰੀਆਂ ਹਨ, ਜੋ ਅਮਰੀਕੀ ਕਿਰਤ ਵਿਭਾਗ ਦੁਆਰਾ ਤਨਖਾਹ ਪੱਧਰ (ਪੱਧਰ 1 ਤੋਂ ਪੱਧਰ 4) ਨਿਰਧਾਰਿਤ ਕਰਨ ਲਈ ਵਰਤੀਆਂ ਜਾਂਦੀਆਂ ਹਨ। ਸੋਧਿਆ ਹੋਇਆ ਫਾਰਮ ਆਈ-129 ਹੁਣ ਦੋ ਤਨਖਾਹ ਪੱਧਰਾਂ ਨੂੰ ਦਰਸਾਏਗਾ:

1. ਲੇਬਰ ਕੰਡੀਸ਼ਨਜ਼ ਐਪਲੀਕੇਸ਼ਨ (ਐੱਲ.ਸੀ.ਏ.) 'ਤੇ ਨਿਰਧਾਰਤ ਤਨਖਾਹ ਪੱਧਰ।
2. ਐੱਚ-1ਬੀ ਰਜਿਸਟ੍ਰੇਸ਼ਨ ਪ੍ਰਕਿਰਿਆ ਦੌਰਾਨ ਚੁਣਿਆ ਗਿਆ ਤਨਖਾਹ ਪੱਧਰ।

ਯੂ.ਐੱਸ.ਸੀ.ਆਈ.ਐੱਸ. ਹੁਣ ਇਹ ਜਾਣਕਾਰੀ ਸਿੱਧੇ ਤੌਰ 'ਤੇ ਇਕੱਠੀ ਕਰ ਰਿਹਾ ਹੈ, ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਸਹੀ ਤਨਖਾਹ ਪੱਧਰ ਚੁਣਿਆ ਗਿਆ ਹੈ।

ਯੂ.ਐੱਸ.ਸੀ.ਆਈ.ਐੱਸ. ਨੇ 27 ਫਰਵਰੀ, 2026 ਨੂੰ ਫਾਰਮ ਆਈ-129 (02/27/26) ਦਾ ਇੱਕ ਨਵਾਂ ਐਡੀਸ਼ਨ ਜਾਰੀ ਕੀਤਾ। 1 ਅਪ੍ਰੈਲ, 2026 ਤੋਂ ਸਿਰਫ਼ ਇਸ ਨਵੇਂ ਐਡੀਸ਼ਨ ਨੂੰ ਸਵੀਕਾਰ ਕੀਤਾ ਜਾਵੇਗਾ। ਉਦੋਂ ਤੱਕ, ਪੁਰਾਣਾ ਫਾਰਮ (01/20/25 ਐਡੀਸ਼ਨ) ਵਰਤਿਆ ਜਾ ਸਕਦਾ ਹੈ। ਐਡੀਸ਼ਨ ਦੀ ਮਿਤੀ ਫਾਰਮ ਅਤੇ ਨਿਰਦੇਸ਼ ਪੰਨੇ ਦੇ ਹੇਠਾਂ ਸੂਚੀਬੱਧ ਹੈ। ਯੂ.ਐੱਸ.ਸੀ.ਆਈ.ਐੱਸ. ਨੇ ਸਪੱਸ਼ਟ ਕੀਤਾ ਹੈ ਕਿ 31 ਮਾਰਚ, 2026 ਤੱਕ ਪ੍ਰਾਪਤ ਹੋਏ ਪੁਰਾਣੇ ਫਾਰਮ (01/20/25 ਐਡੀਸ਼ਨ) ਸਵੀਕਾਰ ਕੀਤੇ ਜਾਣਗੇ। 1 ਅਪ੍ਰੈਲ, 2026 ਨੂੰ ਜਾਂ ਇਸ ਤੋਂ ਬਾਅਦ ਪ੍ਰਾਪਤ ਹੋਏ ਪੁਰਾਣੇ ਫਾਰਮ ਤੁਰੰਤ ਰੱਦ ਕਰ ਦਿੱਤੇ ਜਾਣਗੇ। ਕੰਪਨੀਆਂ ਨੂੰ ਹੁਣ ਆਪਣੇ ਕਰਮਚਾਰੀਆਂ ਦੀਆਂ ਵੀਜ਼ਾ ਅਰਜ਼ੀਆਂ ਨੂੰ ਰੱਦ ਹੋਣ ਤੋਂ ਬਚਾਉਣ ਲਈ ਨਵੇਂ ਨਿਯਮਾਂ ਅਨੁਸਾਰ ਅਰਜ਼ੀਆਂ ਤਿਆਰ ਕਰਨੀਆਂ ਚਾਹੀਦੀਆਂ ਹਨ। ਭਾਰਤੀ ਪੇਸ਼ੇਵਰ, ਖਾਸ ਕਰਕੇ ਤਕਨਾਲੋਜੀ ਖੇਤਰ ਵਿੱਚ, ਰਵਾਇਤੀ ਤੌਰ 'ਤੇ ਐੱਚ-1ਬੀ ਵੀਜ਼ਾ ਰੂਟ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਅਰਜ਼ੀਆਂ ਜੂਨੀਅਰ ਤੋਂ ਮੱਧ-ਪੱਧਰ ਦੀਆਂ ਭੂਮਿਕਾਵਾਂ ਲਈ ਹਨ, ਜਿਨ੍ਹਾਂ ਨੂੰ ਅਕਸਰ ਘੱਟ ਤਨਖਾਹ ਦੇ ਪੱਧਰਾਂ 'ਤੇ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਨਵੀਂ ਪ੍ਰਣਾਲੀ ਦੇ ਤਹਿਤ, ਇਨ੍ਹਾਂ ਭੂਮਿਕਾਵਾਂ ਨੂੰ ਘੱਟ ਚੋਣ ਦੇ ਮੌਕੇ ਮਿਲ ਸਕਦੇ ਹਨ, ਕਿਉਂਕਿ ਉੱਚ-ਤਨਖਾਹ ਸ਼੍ਰੇਣੀਆਂ ਨੂੰ ਤਰਜੀਹ ਮਿਲਣ ਦੀ ਉਮੀਦ ਹੈ। ਇਸ ਦੇ ਨਾਲ ਹੀ, ਸੀਨੀਅਰ ਜਾਂ ਵਿਸ਼ੇਸ਼ ਭੂਮਿਕਾਵਾਂ ਵਿਚ ਤਜ਼ਰਬੇਕਾਰ ਪੇਸ਼ੇਵਰਾਂ ਨੂੰ ਬਿਹਤਰ ਸੰਭਾਵਨਾਵਾਂ ਦਿਖਾਈ ਦੇ ਸਕਦੀਆਂ ਹਨ, ਕਿਉਂਕਿ ਲਾਟਰੀ ਵਿਚ ਜ਼ਿਆਦਾ ਤਨਖਾਹ ਪੱਧਰਾਂ ਨੂੰ ਵਧੇਰੇ ਮਹੱਤਵ ਮਿਲਣ ਦੀ ਸੰਭਾਵਨਾ ਹੈ।

# ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ

## ਵਿਸਾਖੀ ਦੇ ਪਾਵਨ ਮੌਕੇ 'ਤੇ ਵਿਸ਼ਾਲ ਗੁਰਮਤਿ ਸਮਾਗਮ




## ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ 'ਚ

ਸੰਤ ਬਾਬਾ ਠਾਕੁਰ ਸਿੰਘ ਜੀ (ਦਮਦਮੀ ਟਕਸਾਲ) ਵਾਲਿਆਂ ਦੇ ਯਾਦਗਾਰੀ ਅਸਥਾਨ 'ਤੇ

**ਵਿਸਾਖੀ ਦੇ ਪਾਵਨ ਮੌਕੇ 'ਤੇ 1 ਤੋਂ 14 ਅਪ੍ਰੈਲ ਤੱਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ।**

**ਖਾਸ ਹਾਜ਼ਰੀਆਂ :**

1 ਅਪ੍ਰੈਲ – 9 ਅਪ੍ਰੈਲ



ਢਾਡੀ ਜਥਾ
ਭਾਈ ਅਮਰਜੀਤ ਸਿੰਘ ਜੀ ਜੋਹਲ (ਬਿਧੀਪੁਰ)

10 ਅਪ੍ਰੈਲ – 14 ਅਪ੍ਰੈਲ



ਢਾਡੀ ਜਥਾ
ਭਾਈ ਤਰਸੇਮ ਸਿੰਘ ਜੀ ਮੋਰਾਂਵਾਲੀ

14 ਅਪ੍ਰੈਲ



ਰਾਗੀ ਜਥਾ
ਭਾਈ ਆਤਮਜੋਤ ਸਿੰਘ ਜੀ (ਯੂਬਾ ਸਿਟੀ) ਵਾਲੇ

ਅੰਮ੍ਰਿਤ ਸੰਚਾਰ 12 ਅਪ੍ਰੈਲ ਦੁਪਹਿਰ 2 ਵਜੇ

ਸੰਗਤਾਂ ਲਈ ਲੰਗਰ ਦੇ ਬਿਅੰਤ ਸਟਾਲਾਂ ਦਾ ਵਿਸ਼ੇਸ਼ ਪ੍ਰਬੰਧ

**ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਹਿੱਸਾ ਬਣੋ।**

ਹੈਡ ਗ੍ਰੰਥੀ: ਬਾਬਾ ਜੋਗਿੰਦਰ ਸਿੰਘ ਜੀ 209-445-5972 | ਪ੍ਰਧਾਨ: ਭਾਈ ਜਰਨੈਲ ਸਿੰਘ ਜੀ 209-321-1733

2050 W. Woodward Ave, Manteca, CA 95337


ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਕੈਲੀਫੋਰਨੀਆ ਦੀ ਧਰਤੀ 'ਤੇ ਪਹਿਲੀ ਵਾਰ
ਸੈਕਰਾਮੈਂਟੋ ਦੇ ਕੈਪੀਟਲ ਗਰਾਉਂਡ 'ਚ ਬੜੀ ਸ਼ਰਧਾ, ਭਾਵਨਾ ਤੇ ਧੂਮਧਾਮ ਨਾਲ ਸਿੱਖ ਪੰਥ ਵੱਲੋਂ
ਖਾਲਸਾ ਸਾਜਨਾ ਦਿਵਸ 2026
ਸ਼ਾਨੋ-ਸ਼ੋਕਤ ਤੇ ਚੜ੍ਹਦੀ ਕਲਾ ਨਾਲ ਮਨਾਇਆ ਜਾ ਰਿਹਾ ਹੈ।
ਇਹ ਸਿਰਫ਼ ਇੱਕ ਸਮਾਗਮ ਨਹੀਂ...
ਇਹ ਸਾਡੀ ਪਛਾਣ, ਸਾਡੀ ਏਕਤਾ ਤੇ ਸਾਡੀ ਵਿਰਾਸਤ ਦਾ ਪ੍ਰਤੀਕ ਹੈ।
ਮਿਤੀ: 18 ਅਪ੍ਰੈਲ 2026, ਸ਼ਨੀਵਾਰ
ਸਮਾਂ: ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ
ਸਾਰੀ ਸੰਗਤ ਨੂੰ State Capital of California, Sacramento 'ਚ ਪਹੁੰਚਣ ਲਈ ਨਿਮਰ ਸੱਦਾ ਦਿੱਤਾ ਜਾਂਦਾ ਹੈ।
ਆਓ, ਇਸ ਇਤਿਹਾਸਿਕ ਦਿਹਾੜੇ ਨੂੰ ਮਿਲ ਕੇ ਮਨਾਈਏ...
ਕੀਰਤਨ, ਅਰਦਾਸ ਤੇ ਗੁਰੂ ਸਾਹਿਬ ਦੀ ਬਾਣੀ ਨਾਲ ਜੀਵਨ ਨੂੰ ਨਿਹਾਲ ਕਰੀਏ।
ਅਮਰੀਕਨ ਭਾਈਚਾਰੇ ਨਾਲ ਸਿੱਖ ਧਰਮ ਦੀਆਂ ਮਹਾਨ ਸਿੱਖਿਆਵਾਂ ਸਾਂਝੀਆਂ ਕਰੀਏ।
ਗੁਰੂ ਕੇ ਲੰਗਰ ਦੀ ਸੇਵਾ :
ਸਮੂਹ ਮਹਿੰਦਰ ਸਿੰਘ ਢੰਡਾ ਪਰਿਵਾਰ,
ਸਮੂਹ ਮਲਕੀਤ ਸਿੰਘ ਜੌਹਲ ਪਰਿਵਾਰ,
ਸਮੂਹ ਨੌਜਵਾਨ ਵੀਰ (ਕਰਨਾਲ)
ਸੰਗਤ ਦੀ ਸਹੂਲਤ ਲਈ :
ਸ. ਨਰਿੰਦਰ ਸਿੰਘ ਥਾਂਦੀ
(ਪ੍ਰਧਾਨ ਗੁ. ਵੈਸਟ ਸੈਕਰਾਮੈਂਟੋ) ਵਲੋਂ
ਸਵੇਰੇ 8:00 ਵਜੇ ਤੋਂ ਦੁਪਹਿਰ 2:00 ਵਜੇ ਤੱਕ
ਗੁਰਦੁਆਰਾ ਸਾਹਿਬ ਤੋਂ ਕੈਪੀਟਲ ਗਰਾਉਂਡ ਤੱਕ
ਫ੍ਰੀ ਬੱਸ ਸੇਵਾ ਉਪਲੱਬਧ ਹੋਵੇਗੀ।
ਖਾਸ ਬੇਨਤੀ : ਸਾਰੇ ਵੀਰ ਬਸੰਤੀ ਰੰਗ ਦੀਆਂ ਪੱਗਾਂ, ਬੀਬੀਆਂ ਬਸੰਤੀ ਰੰਗ ਦੇ ਦੁਪੱਟੇ ਪਹਿਨ ਕੇ ਆਉਣ ਤਾਂ ਜੋ ਖਾਲਸੇ ਦੀ ਸ਼ਾਨ ਹੋਰ ਵੀ ਨਿਖਰੇ।
ਸਹਿਯੋਗੀ ਸੰਸਥਾਵਾਂ :
• ਗੁਰਦੁਆਰਾ ਪ੍ਰਬੰਧਕ ਕਮੇਟੀ ਵੈਸਟ ਸੈਕਰਾਮੈਂਟੋ • ਇਲਾਕੇ ਦੀਆਂ ਗੁਰਦੁਆਰਾ ਕਮੇਟੀਆਂ • ਕੈਲੀਫੋਰਨੀਆ ਸਿੱਖ ਯੂਥ ਐਲਾਇਨਸ
• ਸਮੂਹ ਸਾਧ ਸੰਗਤ • ਨੌਜਵਾਨ ਵੀਰ (ਕਰਨਾਲ) • Bhagat Puran Singh Health Initiative
ਵਧੇਰੇ ਜਾਣਕਾਰੀ ਲਈ : 916-600-1435


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਸ਼੍ਰੀ ਹਨੂੰਮਾਨ ਜਯੰਤੀ ਮੰਦਿਰ ਸ਼੍ਰੀ ਰਾਮਵਾੜਾ ਰਈਆ ਅਤੇ ਧਿਆਨਪੁਰ ਕਲੇਰ 'ਚ ਸ਼ਰਧਾ ਨਾਲ ਮਨਾਈ ਗਈ

ਰਈਆ
ਕਾਰਤਿਕ ਰਿਖੀ



ਸ੍ਰੀ ਹਨੂਮਾਨ ਜੀ ਦਾ ਜਨਮ ਉਤਸਵ ਮੰਦਿਰ ਸ੍ਰੀ ਰਾਮਵਾੜਾ ਰਈਆ ਅਤੇ ਤਪ ਅਸਥਾਨ ਰਾਮਵਾੜਾ ਧਿਆਨਪੁਰ ਕਲੇਰ ਵਿਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਿਸ ਵਿੱਚ ਮੰਦਰ ਦੇ ਪ੍ਰਧਾਨ ਸੰਜੀਵ ਭੰਡਾਰੀ, ਬਲਵਿੰਦਰਜੀਤ ਕਾਲੀਆ, ਪ੍ਰਦੀਪ ਰਮਪਾਲ, ਡਾ.ਰਜਿੰਦਰ ਰਿਖੀ, ਪ੍ਰਿੰਸ ਬਾਵਾ, ਲੱਕੀ ਸ਼ਿੰਗਾਰੀ, ਜਗਦੀਸ਼ ਕੁਮਾਰ, ਚਿਮਨ ਲਾਲ, ਜਗਤਾਰ ਗੋਗੀ, ਮਾਸਟਰ ਨਰਿੰਦਰ ਕੁਮਾਰ, ਸੁਰਿੰਦਰ ਕੁਮਾਰ, ਗੋਪੀ, ਪੰਡਿਤ ਜੀ, ਰਜੇਸ਼ ਕੁਮਾਰ ਦਨਿਆਲ, ਜਤਿੰਦਰ ਕੁਮਾਰ ਗੋਲਡੀ ਕਲੇਰ ਅਤੇ ਹੋਰ ਸ਼ਰਧਾਲੂ ਹਾਜ਼ਰ ਹੋਏ। ਇਸ ਮੌਕੇ ਹਨੂਮਾਨ ਜੀ ਦੀ ਪੂਜਾ ਅਰਚਨਾ ਕੀਤੀ ਗਈ ਅਤੇ ਆਰਤੀ ਉਪਰੰਤ ਪ੍ਰਸ਼ਾਦ ਵਰਤਾਇਆ ਗਿਆ।

# ਰੂਸੀ ਫੌਜੀ ਟਰਾਂਸਪੋਰਟ ਜਹਾਜ਼ ਕ੍ਰੈਸ਼: 29 ਮੌਤਾਂ



ਕਰੀਮੀਆ
ਸਾਂਝੀ ਸੋਚ ਬਿਊਰੋ

ਇੱਕ ਰੂਸੀ ਫੌਜੀ ਟਰਾਂਸਪੋਰਟ ਜਹਾਜ਼, ਏਐਨ-26, ਮੰਗਲਵਾਰ ਨੂੰ ਕਰੀਮੀਆ ਵਿੱਚ ਹਾਦਸਾਗ੍ਰਸਤ ਹੋ ਗਿਆ। ਇਸ ਵਿੱਚ 23 ਯਾਤਰੀ ਅਤੇ 6 ਚਾਲਕ ਦਲ ਦੇ ਮੈਂਬਰ ਸਵਾਰ ਸਨ। ਸਾਰਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਰੂਸੀ ਸਮਾਚਾਰ ਏਜੰਸੀ ਦੇ ਅਨੁਸਾਰ, ਪਹਿਲਾਂ ਜਹਾਜ਼ ਨਾਲ ਸੰਪਰਕ ਸ਼ੁਰੂ ਵਿੱਚ ਟੁੱਟ ਗਿਆ ਸੀ ਅਤੇ ਬਾਅਦ ਵਿੱਚ ਇਹ ਇੱਕ ਚੱਟਾਨ ਨਾਲ ਟਕਰਾ ਗਿਆ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਹਾਦਸੇ ਦਾ ਕਾਰਨ ਤਕਨੀਕੀ ਨੁਕਸ ਸੀ। ਇਸਦੀ ਅਜੇ ਤੱਕ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ। ਜਾਂਚ ਜਾਰੀ ਹੈ।ਏਐਨ-26 ਸੋਵੀਅਤ ਯੁੱਗ ਦਾ ਇੱਕ ਫੌਜੀ ਟਰਾਂਸਪੋਰਟ ਜਹਾਜ਼ ਹੈ ਜੋ ਐਂਟੋਨੋਵ ਕੰਪਨੀ ਦੁਆਰਾ ਨਿਰਮਿਤ ਹੈ। ਇਸਦੀ ਪਹਿਲੀ ਉਡਾਣ 1969 ਵਿੱਚ ਹੋਈ ਸੀ। ਇਸਦੀ ਵਰਤੋਂ ਫੌਜਾਂ, ਹਥਿਆਰਾਂ ਅਤੇ ਫੌਜੀ ਉਪਕਰਣਾਂ ਦੀ ਢੋਆ-ਢੁਆਈ ਲਈ ਕੀਤੀ ਜਾਂਦੀ ਹੈ। ਇਹ ਇੱਕ ਸਮੇਂ ਵਿੱਚ ਦਰਜਨਾਂ ਸੈਨਿਕਾਂ ਜਾਂ ਭਾਰੀ ਮਾਲ ਨੂੰ ਲਿਜਾ ਸਕਦਾ ਹੈ। ਇਸ ਜਹਾਜ਼ ਦੀ ਛੋਟੇ ਅਤੇ ਮਾੜੇ ਰਨਵੇਅ ਤੋਂ ਉਡਾਣ ਭਰਨ ਦੀ ਵਿਲੱਖਣ ਯੋਗਤਾ ਇਸਨੂੰ ਮੁਸ਼ਕਲ ਅਤੇ ਯੁੱਧ ਖੇਤਰਾਂ ਵਿੱਚ ਵਰਤੋਂ ਲਈ ਢੁਕਵੀਂ ਬਣਾਉਂਦੀ ਹੈ। ਇਸਦੇ ਵੱਡਾ ਪਿਛਲੇ ਕਾਰਗੋ ਦਰਵਾਜ਼ੇ ਰਾਹੀਂ ਏਅਰਡ੍ਰੌਪ ਓਪਰੇਸ਼ਨ ਕੀਤਾ ਜਾ ਸਕਦੇ ਹਨ।ਇਸਦਾ 50 ਸਾਲ ਤੋਂ ਵੱਧ ਪੁਰਾਣਾ ਡਿਜ਼ਾਈਨ ਇਸਦੀ ਸੁਰੱਖਿਆ ਬਾਰੇ ਸਵਾਲ ਖੜ੍ਹੇ ਕਰਦਾ ਹੈ। ਸਮੇਂ-ਸਮੇਂ 'ਤੇ ਹਾਦਸਿਆਂ ਦੀ ਰਿਪੋਰਟ ਕੀਤੀ ਜਾਂਦੀ ਰਹੀ ਹੈ। ਇਹ ਜਹਾਜ਼ ਅਜੇ ਵੀ ਕਈ ਦੇਸ਼ਾਂ ਵਿੱਚ ਵਰਤੋਂ ਵਿੱਚ ਹੈ, ਪਰ ਹੌਲੀ-ਹੌਲੀ ਇਸਨੂੰ ਆਧੁਨਿਕ ਟਰਾਂਸਪੋਰਟ ਜਹਾਜ਼ਾਂ ਦੁਆਰਾ ਬਦਲਿਆ ਜਾ ਰਿਹਾ ਹੈ।

# ਰੇਲਵੇ ਕਰਮਚਾਰੀਆਂ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਕੈਸ਼ਲੈੱਸ ਇਲਾਜ ਦੀ ਸਹੂਲਤ ਆਰੰਭ

ਬੰਗਾ
ਸਾਂਝੀ ਸੋਚ ਬਿਊਰੋ

ਭਾਰਤੀ ਰੇਲਵੇ ਕਰਮਚਾਰੀਆਂ ਲਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਕੈਸ਼ਲੈੱਸ ਇਲਾਜ ਦੀ ਸਹੂਲਤ ਆਰੰਭ ਹੋ ਗਈ ਹੈ । ਇਹ ਜਾਣਕਾਰੀ ਹਸਪਤਾਲ ਦੇ ਮੁੱਖ ਪ੍ਰਬੰਧਕ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਮੀਡੀਆ ਨੂੰ ਦਿੰਦੇ ਦੱਸਿਆ ਕਿ ਭਾਰਤ ਸਰਕਾਰ ਦੀ ਕੈਸ਼ਲੈੱਸ ਇਲਾਜ ਸੇਵਾ ਸਕੀਮ ਅਧੀਨ ਉੱਤਰ ਭਾਰਤੀ ਰੇਲਵੇ ਦੇ ਕਰਮਚਾਰੀ ਹੁਣ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਆਪਣਾ ਕੈਸ਼ਲੈਸ ਇਲਾਜ ਕਰਵਾ ਸਕਣਗੇ। ਇਸ ਨਾਲ ਮਰੀਜ਼ ਨੂੰ ਹਸਪਤਾਲ ਵਿੱਚ ਇਲਾਜ ਕਰਵਾਉਣ ਲਈ ਨਕਦ ਪੈਸੇ ਦੇਣ ਦੀ ਲੋੜ ਨਹੀਂ ਪੈਂਦੀ ਅਤੇ ਮਰੀਜ਼ ਦੇ ਇਲਾਜ ਦਾ ਭੁਗਤਾਨ ਭਾਰਤੀ ਰੇਲਵੇ ਦੁਆਰਾ ਕੀਤਾ ਜਾਂਦਾ ਹੈ। ਉਹਨਾਂ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਪ੍ਰਮੁੱਖ ਹਸਪਤਾਲ ਹੈ ਜੋ ਅਤਿ-ਆਧੁਨਿਕ ਮੈਡੀਕਲ ਯੰਤਰਾਂ, ਐਮਰਜੈਂਸੀ ਸੇਵਾਵਾਂ, ਟਰੌਮਾ ਸੈਂਟਰ ਅਤੇ ਆਈ. ਸੀ. ਯੂ. ਸੁਵਿਧਾਵਾਂ ਨਾਲ ਲੈਸ ਹੈ। ਹਸਪਤਾਲ ਢਾਹਾਂ ਕਲੇਰਾਂ ਵਿਖੇ ਰੇਲਵੇ ਕਰਮਚਾਰੀਆਂ ਨੂੰ ਸੁਪਰ ਸਪੈਸ਼ਲਿਟੀ ਮੈਡੀਕਲ ਸੇਵਾਵਾਂ ਨਿਊਰੋਸਰਜਰੀ, ਯੂਰੋਲੋਜੀ, ਜਨਰਲ ਮੈਡੀਸਨ, ਜਨਰਲ ਤੇ ਲੈਪਰੋਸਕੋਪਿਕ ਸਰਜਰੀ, ਗਾਇਨੀਕੋਲੋਜੀ, ਆਰਥੋਪੈਡਿਕਸ, ਈ ਐਨ ਟੀ, ਡੈਂਟਲ, ਅੱਖਾਂ ਦਾ ਵਿਭਾਗ, ਬੱਚਿਆਂ ਦਾ ਵਿਭਾਗ, ਫਿਜ਼ੀਉਥੈਰਾਪੀ, ਆਈ.ਸੀ.ਯੂ. ਅਤੇ ਕ੍ਰਿਟੀਕਲ ਕੇਅਰ, ਡਾਇਲਸਿਸ, ਪੈਥੋਲੋਜੀ ਤੋਂ ਇਲਾਵਾ ਰੇਡੀਓਲੋਜੀ ਡਾਇਗਨੌਸਟਿਕ ਅਤੇ ਇਮੇਜਿੰਗ ਸਹੂਲਤਾਂ ਵਿੱਚ ਐਕਸ-ਰੇ, ਅਲਟਰਾ ਸਾਊਂਡ ਸਕੈਨ, ਸੀ.ਟੀ. ਸਕੈਨ ਦੀਆਂ ਸੇਵਾਵਾਂ ਮਿਲਣਗੀਆਂ।

# ਜਵਾਨ ਅਫ਼ਸਰ ਬਾਘ ਪਰਮ ਪਾਰਸ ਸਿੰਘ ਚਾਹਿਲ ਇੰਸਪੈਕਟਰ ਤਰੱਕੀ ਨਾਲ ਸਨਮਾਨਿਤ

ਬਠਿੰਡਾ
ਸਾਂਝੀ ਸੋਚ ਬਿਊਰੋ



ਬਾਘ ਪਰਮ ਪਾਰਸ ਸਿੰਘ ਚਾਹਿਲ ਨੂੰ ਤਰੱਕੀ ਦੇ ਕੇ ਇੰਸਪੈਕਟਰ ਬਣਾਇਆ ਗਿਆ, ਇਸ ਮੌਕੇ ਜ਼ਿਲ੍ਹਾ ਪੁਲਿਸ ਕਪਤਾਨ ਵੱਲੋਂ ਉਹਨਾਂ ਨੂੰ ਸਟਾਰ ਲਗਾ ਕੇ ਸਨਮਾਨਿਤ ਕੀਤਾ ਗਿਆ। ਇਹ ਤਰੱਕੀ ਉਹਨਾਂ ਦੀ ਲਗਨ, ਇਮਾਨਦਾਰੀ ਅਤੇ ਡਿਊਟੀ ਪ੍ਰਤੀ ਨਿਸ਼ਠਾ ਦਾ ਸਪੱਸ਼ਟ ਸਬੂਤ ਮੰਨੀ ਜਾ ਰਹੀ ਹੈ।ਪਾਰਸ ਚਾਹਿਲ ਆਪਣੇ ਨਰਮ ਸੁਭਾਅ ਅਤੇ ਹਰ ਕੰਮ ਨੂੰ ਸੁਚੱਜੇ ਢੰਗ ਨਾਲ ਨਿਭਾਉਣ ਦੇ ਹੁਨਰ ਲਈ ਜਾਣੇ ਜਾਂਦੇ ਹਨ, ਜਿਸ ਕਰਕੇ ਉਹਨਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ। ਖਾਸ ਤੌਰ 'ਤੇ ਗਣਤੰਤਰ ਦਿਵਸ ਪਰੇਡ 2026 ਦੌਰਾਨ ਉਹਨਾਂ ਨੇ ਵੱਖ-ਵੱਖ ਕੰਟੀਜੈਂਟਸ ਦੀ ਅਗਵਾਈ ਕਰਕੇ ਆਪਣੀ ਯੋਗਤਾ ਦਾ ਇਜ਼ਹਾਰ ਕੀਤਾ। ਜਿਸ ਨੂੰ ਹਾਜ਼ਰੀਨ ਨੇ ਬਹੁਤ ਸਲਾਹਿਆ ਸੀ।ਬਠਿੰਡਾ ਜ਼ਿਲ੍ਹੇ ਵਿੱਚ ਕਈ ਸਬ ਇੰਸਪੈਕਟਰਾਂ ਨੂੰ ਤਰੱਕੀ ਦਿੱਤੀ ਗਈ, ਪਰ ਬਾਘ ਪਰਮ ਪਾਰਸ ਸਿੰਘ ਚਾਹਿਲ ਸਭ ਤੋਂ ਨੌਜਵਾਨ ਅਧਿਕਾਰੀ ਵਜੋਂ ਸਾਹਮਣੇ ਆਏ ਹਨ, ਜੋ ਕਿ ਇਲਾਕੇ ਲਈ ਮਾਣ ਦੀ ਗੱਲ ਹੈ।ਇਸ ਮੌਕੇ ਦੇਸ਼ ਅਤੇ ਵਿਦੇਸ਼ ਤੋਂ ਉਹਨਾਂ ਦੇ ਦੋਸਤਾਂ ਅਤੇ ਸਨੇਹੀਆਂ ਵੱਲੋਂ ਵਧਾਈਆਂ ਦਾ ਤੰਤਾ ਲੱਗ ਗਿਆ। ਡਾ.ਸੁਰਿੰਦਰ ਸਿੰਘ ਗਿੱਲ ਜੋ ਉਨ੍ਹਾਂ ਨੂੰ ਬਚਪਨ ਤੋਂ ਜਾਣਦੇ ਹਨ, ਨੇ ਵੀ ਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ ਕਿ ਪਾਰਸ ਚਾਹਿਲ ਦੀ ਮਿਹਨਤ ਅਤੇ ਕਾਬਲੀਅਤ ਨੇ ਇਹ ਸਫਲਤਾ ਹਾਸਲ ਕਰਵਾਈ ਹੈ ਅਤੇ ਉਹ ਭਵਿੱਖ ਵਿੱਚ ਹੋਰ ਉੱਚੀਆਂ ਉਡਾਣਾਂ ਭਰਨਗੇ।ਇਸ ਤਰੱਕੀ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਹੈ ਅਤੇ ਨੌਜਵਾਨਾਂ ਲਈ ਇੱਕ ਪ੍ਰੇਰਣਾ ਦਾ ਸਰੋਤ ਬਣੀ ਹੈ। ਜਿੱਥੇ ਪ੍ਰੀਵਾਰ ਵਧਾਈ ਦਾ ਪਾਤਰ ਹੈ, ਉੱਥੇ ਪਾਰਸ ਚਹਿਲ ਵਧੇਰੇ ਜ਼ਿੰਮੇਵਾਰੀ ਦੇ ਮੁਥਾਜੀ ਬਣ ਗਏ ਹਨ। ਜੋ ਹੋਰ ਵੀ ਮਿਹਨਤ ਤੇ ਲਗਨ ਨਾਲ ਆਪਣੇ ਫਰਜ਼ ਅਦਾ ਕਰਨਗੇ।



ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ॥



# ਜਸਵਿੰਦਰ ਕੌਰ

ਆਪ ਸਾਰੇ ਸਨੇਹੀਆਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਸਾਡੇ ਸਤਿਕਾਰਯੋਗ **ਮਾਤਾ ਜਸਵਿੰਦਰ ਕੌਰ ਜੀ** ਜੋ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ ਉਹਨਾਂ ਦੀ ਮਿੱਠੀ ਪਿਆਰੀ ਯਾਦ ਵਿੱਚ

**ਗੁਰਦੁਆਰਾ ਗੁਰੂ ਅੰਗਦ ਦਰਬਾਰ :** **8100 Stine Road Bakersfield CA 93313 ਵਿਖੇ**

**10 ਅਪਰੈਲ ਸ਼ੁਕਰਵਾਰ ਨੂੰ**
ਸ਼੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ

**12 ਅਪ੍ਰੈਲ ਦਿਨ ਐਤਵਾਰ ਨੂੰ**
ਸ਼੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ


ਉਪਰੰਤ ਗੁਰਮਤ ਸਮਾਗਮ ਹੋਣਗੇ। ਜਿਸ ਵਿੱਚ ਗੁਰਬਾਣੀ ਕਥਾ ਕੀਰਤਨ ਦੇ ਪ੍ਰਵਾਹ ਚੱਲਣਗੇ।

## ਗੁਰੂ ਕੇ ਲੰਗਰਾਂ ਦੀਆਂ ਸੇਵਾਵਾਂ ਹੋਣਗੀਆਂ ।

ਆਪ ਸਾਰੀ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਆਪ ਜੀ ਨੇ ਇਹਨਾਂ ਸਮਾਗਮਾਂ ਵਿੱਚ ਉਚੇਚੇ ਤੌਰ ਤੇ ਹਾਜ਼ਰੀ ਭਰਨ ਦੀ ਕਿਰਪਾਲਤਾ ਕਰਨੀ ਜੀ।

ਦੁੱਖੀ ਹਿਰਦੇ ਨਾਲ

**Ajit Singh Tut (661) 440-1466 | Jagmohan Singh (661) 425-0000**
**Jasbir Singh (661) 333-0659 | Manjit Singh**


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


SIKH GURDWARA - SAN JOSE
Sikh Gurdwara San Jose
ਵਿਸਾਖੀ ਸਮਾਗਮ – 11 ਅਪ੍ਰੈਲ ਤੋਂ 14 ਅਪ੍ਰੈਲ 2026
ਸ਼ਨੀਵਾਰ, 11 ਅਪ੍ਰੈਲ
– ਅੰਮ੍ਰਿਤ ਸੰਚਾਰ –
ਸਵੇਰੇ 9:00 ਵਜੇ
ਕਕਾਰ ਪ੍ਰਦਾਨ ਕੀਤੇ ਜਾਣਗੇ
ਕਿਰਪਾ ਕਰਕੇ ਪੂਰੇ ਕੇਸ਼ੀ ਇਸ਼ਨਾਨ ਨਾਲ ਆਓ
ਐਤਵਾਰ, 12 ਅਪ੍ਰੈਲ
– Annual Khalsa Kids Day –
ਸਵੇਰੇ 10:00 – ਦੁਪਹਿਰ 2:00 ਵਜੇ
(ਉਮਰ 3–19)
ਲੰਗਰ ਹਾਲ 'ਚ ਮਨਾਇਆ ਜਾਵੇਗਾ
ਗਤੀਵਿਧੀਆਂ : ਸਿੱਖ ਕਲਾ | ਕੀਰਤਨ | ਫੋਟੋ ਬੂਥ | ਸਟੇਜ ਪ੍ਰਦਰਸ਼ਨ | ਦਸਤਾਰ ਸਜਾਉਣਾ ਤੇ ਹੋਰ ਬਹੁਤ ਕੁਝ
ਮੰਗਲਵਾਰ, 14 ਅਪ੍ਰੈਲ (ਵਿਸਾਖੀ)
ਚੜ੍ਹਦੀ ਕਲਾ ਜਥੇ ਵੱਲੋਂ ਗੁਰਬਾਣੀ ਕੀਰਤਨ
11 ਅਪ੍ਰੈਲ (ਸ਼ਨੀਵਾਰ)
ਸ਼ਾਮ
6:10 ਵਜੇ ਤੋਂ 7:10 ਵਜੇ ਤੱਕ
12 ਅਪ੍ਰੈਲ (ਐਤਵਾਰ)
ਦੁਪਹਿਰ
12:30 ਵਜੇ ਤੋਂ 1:30 ਵਜੇ ਤੱਕ
13 ਅਪ੍ਰੈਲ (ਸੋਮਵਾਰ)
ਸ਼ਾਮ
7:30 ਵਜੇ ਤੋਂ 8:30 ਵਜੇ ਤੱਕ
14 ਅਪ੍ਰੈਲ (ਮੰਗਲਵਾਰ)
ਆਸਾ ਕੀ ਵਾਰ ਕੀਰਤਨ
ਸ਼ਾਮ 7:30 ਵਜੇ ਤੋਂ 8:30 ਵਜੇ ਤੱਕ
ਸਮੂਹ ਸੰਗਤ ਨੂੰ ਨਿਮਰ ਬੇਨਤੀ ਹੈ ਕਿ ਵਿਸਾਖੀ ਦੇ ਪਾਵਨ ਦਿਹਾੜੇ ਮੌਕੇ
ਕੀਰਤਨ, ਗੁਰਮਤਿ ਵਿਚਾਰ ਤੇ ਹੋਰ ਸਮਾਗਮਾਂ 'ਚ ਸ਼ਾਮਲ ਹੋ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਹਿੱਸਾ ਬਣੋ।
ਪਤਾ: 3636 Gurudwara Avenue, San Jose, California 95148 | ਸੰਪਰਕ: (408) 274-937

# ਪੰਜਾਬ ਵਿੱਚ ਬਰਾਬਰ ਵਿਕਾਸ ਯਕੀਨੀ ਬਣਾਉਣ ਲਈ ਪਹਿਲੀ ਵਾਰ ਜਾਤ ਆਧਾਰਤ ਸਮਾਜਿਕ-ਆਰਥਿਕ ਸਰਵੇਖਣ ਕਰਵਾਇਆ ਜਾਵੇਗਾ: ਭਗਵੰਤ ਸਿੰਘ ਮਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਦੀ 'ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ' ਲੜੀ ਦੇ ਹਿੱਸੇ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦਾ ਚਾਰ ਸਾਲਾਂ ਦਾ ਵਿਆਪਕ ਰਿਪੋਰਟ ਕਾਰਡ ਪੇਸ਼ ਕੀਤਾ, ਜਿਸ ਵਿੱਚ ਇਹ ਦਰਸਾਇਆ ਗਿਆ ਕਿ ਕਿਵੇਂ ਨਿਰੰਤਰ ਨੀਤੀਗਤ ਦਖਲਅੰਦਾਜ਼ੀ ਨੇ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਬਦਲਿਆ ਹੈ, ਜ਼ਮੀਨੀ ਪੱਧਰ 'ਤੇ ਪ੍ਰਸ਼ਾਸਨ ਨੂੰ ਮਜ਼ਬੂਤ ਕੀਤਾ ਹੈ ਅਤੇ ਪੇਂਡੂ ਖ਼ੇਤਰ ਵਿੱਚ ਰੋਜ਼ਗਾਰ ਦੇ ਮੌਕੇ ਵਧਾਏ ਹਨ। ਪੇਂਡੂ ਵਿਕਾਸ ਨੂੰ ਸਮੁੱਚੇ ਵਿਕਾਸ ਦੇ ਕੇਂਦਰੀ ਥੰਮ੍ਹ ਵਜੋਂ ਦਰਸਾਉਂਦੇ ਹੋਏ ਮੁੱਖ ਮੰਤਰੀ ਨੇ ਪੰਜਾਬ ਦੇ ਪਹਿਲੇ ਜਾਤੀ ਸਮਾਜਿਕ-ਆਰਥਿਕ ਸਰਵੇਖਣ ਦੀ ਸ਼ੁਰੂਆਤ ਤੋਂ ਲੈ ਕੇ ਵੱਡੇ ਪੱਧਰ 'ਤੇ ਬੁਨਿਆਦੀ ਢਾਂਚਾ ਸਿਰਜਣ, ਪਾਰਦਰਸ਼ੀ ਭੂਮੀ ਪ੍ਰਬੰਧਨ ਰਾਹੀਂ ਮਾਲੀਆ ਪੈਦਾ ਕਰਨ ਅਤੇ ਨੌਜਵਾਨ-ਕੇਂਦ੍ਰਿਤ ਵਿਕਾਸ ਪ੍ਰੋਗਰਾਮਾਂ ਸਮੇਤ ਮੁੱਖ ਪਹਿਲਕਦਮੀਆਂ ਦੀ ਰੂਪ-ਰੇਖਾ ਪੇਸ਼ ਕੀਤੀ।

ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਜਾਤੀ ਆਧਾਰਤ ਸਮਾਜਿਕ-ਆਰਥਿਕ ਸਰਵੇਖਣ ਨੂੰ ਬਰਾਬਰੀ ਤੇ ਨੀਤੀ ਨਿਰਮਾਣ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਦਾ ਉਦੇਸ਼ ਕਾਰਵਾਈ ਨੂੰ ਗੁਪਤ ਰੱਖਦਿਆਂ ਸਾਰੇ ਭਾਈਚਾਰਿਆਂ ਦੇ ਜੀਵਨ ਪੱਧਰ ਦਾ ਮੁਲਾਂਕਣ ਕਰਨਾ ਹੈ। ਉਨ੍ਹਾਂ ਕਿਹਾ ਕਿ ਪੇਂਡੂ ਵਿਕਾਸ ਰਿਪੋਰਟ ਕਾਰਡ ਇਕ ਵਿਆਪਕ ਸ਼ਾਸਨ ਢਾਂਚੇ ਦਾ ਹਿੱਸਾ ਹੈ, ਜਿਸ ਤਹਿਤ 'ਆਪ' ਸਰਕਾਰ ਸਿੱਖਿਆ, ਸਿਹਤ ਸੰਭਾਲ, ਸਿੰਜਾਈ, ਖੇਤੀਬਾੜੀ ਅਤੇ ਹੋਰ ਮੁੱਖ ਖੇਤਰਾਂ ਵਿੱਚ ਸੈਕਟਰ-ਵਾਰ ਪ੍ਰਦਰਸ਼ਨ ਦੇ ਨਾਲ-ਨਾਲ ਜਵਾਬਦੇਹੀ, ਪਾਰਦਰਸ਼ਤਾ ਅਤੇ ਨਤੀਜਿਆਂ 'ਤੇ ਆਪਣਾ ਧਿਆਨ ਕੇਂਦਰਿਤ ਕਰ ਰਹੀ ਹੈ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦਾ ਰਿਪੋਰਟ ਕਾਰਡ ਪੇਸ਼ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਿਛਲੇ ਚਾਰ ਸਾਲਾਂ ਵਿੱਚ ਪਿੰਡਾਂ ਦਾ ਸੰਪੂਰਨ ਵਿਕਾਸ ਹੋਇਆ ਹੈ, ਜਿਸ ਵਿੱਚ ਵੱਡੇ ਪੱਧਰ 'ਤੇ ਉਸਾਰੀ ਕਾਰਜ, ਛੱਪੜਾਂ ਦੀ ਸਫ਼ਾਈ ਸ਼ਾਮਲ ਹੈ ਕਿਉਂਕਿ ਸੂਬੇ ਨੇ ਸਰਕਾਰੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾ ਕੇ ਅਤੇ ਹੋਰ ਤਰੀਕਿਆਂ ਨਾਲ ਪੈਸਾ ਕਮਾਇਆ ਹੈ।"ਮੁੱਖ ਮੰਤਰੀ ਨੇ ਕਿਹਾ, "ਸੂਬੇ ਦੇ ਸਖ਼ਤ ਯਤਨਾਂ ਸਦਕਾ ਪੰਚਾਇਤ ਚੋਣਾਂ ਵਿੱਚ ਸਰਬਸੰਮਤੀ ਵਿੱਚ ਵਾਧਾ ਹੋਇਆ ਹੈ। ਪੰਜਾਬ ਵਿੱਚ 13,236 ਪੰਚਾਇਤਾਂ ਲਈ ਚੋਣਾਂ 2024 ਵਿੱਚ ਹੋਈਆਂ ਸਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ। 2018 ਵਿੱਚ ਲਗਪਗ 1,870 ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਸਨ ਪਰ 2024 ਵਿੱਚ 2,970 ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਸਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "1,100 ਵੱਧ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ, ਜਿਸ ਨਾਲ ਪਿੰਡਾਂ ਵਿੱਚ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ ਅਤੇ ਪਿੰਡਾਂ ਦਾ ਸਰਵਪੱਖੀ ਵਿਕਾਸ ਯਕੀਨੀ ਬਣਦਾ ਹੈ।"ਉਨ੍ਹਾਂ ਕਿਹਾ, "ਪੰਜਾਬ ਸਰਕਾਰ ਨੇ ਸਰਪੰਚਾਂ ਦਾ ਮਾਣਭੱਤਾ 1,200 ਤੋਂ ਵਧਾ ਕੇ 2,000 ਪ੍ਰਤੀ ਮਹੀਨਾ ਕਰ ਦਿੱਤਾ ਹੈ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੇਂਡੂ ਵਿਕਾਸ ਲਈ 15ਵੇਂ ਵਿੱਤ ਕਮਿਸ਼ਨ ਤਹਿਤ 2025-26 ਵਿੱਚ ਪੇਂਡੂ ਵਿਕਾਸ 'ਤੇ 2,367.64 ਕਰੋੜ ਰੁਪਏ ਖਰਚ ਕੀਤੇ ਗਏ ਸਨ, ਜੋ 2024-25 ਦੇ ਮੁਕਾਬਲੇ ਦੁੱਗਣੇ ਸਨ। 2017-22 ਦੌਰਾਨ ਪੰਜ ਸਾਲਾਂ ਵਿੱਚ ਪਿੰਡਾਂ ਦੇ ਵਿਕਾਸ 'ਤੇ 1,883 ਕਰੋੜ ਰੁਪਏ ਖਰਚੇ ਗਏ ਸਨ, ਜਦੋਂ ਕਿ ਸੂਬਾ ਸਰਕਾਰ ਨੇ ਇਸ ਨੇਕ ਕਾਰਜ ਲਈ ਪਿਛਲੇ ਚਾਰ ਸਾਲਾਂ ਵਿੱਚ 3,847 ਕਰੋੜ ਰੁਪਏ ਖਰਚ ਕੀਤੇ ਹਨ।"ਮੁੱਖ ਮੰਤਰੀ ਨੇ ਕਿਹਾ, "ਪੰਚਾਇਤ ਇਮਾਰਤਾਂ, ਲਾਇਬ੍ਰੇਰੀਆਂ, ਆਂਗਨਵਾੜੀ ਕੇਂਦਰਾਂ, ਖੇਡ ਮੈਦਾਨਾਂ, ਗਲੀਆਂ, ਨਾਲੀਆਂ ਅਤੇ ਹੋਰ ਵਿਕਾਸ ਕਾਰਜਾਂ 'ਤੇ 1,030.94 ਕਰੋੜ ਰੁਪਏ ਖਰਚ ਕੀਤੇ ਗਏ ਸਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੀਣ ਵਾਲੇ ਪਾਣੀ, ਸੈਨੀਟੇਸ਼ਨ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਤੇ ਜ਼ਰੂਰੀ ਸੇਵਾਵਾਂ 'ਤੇ 1,336.70 ਕਰੋੜ ਰੁਪਏ ਖਰਚੇ ਗਏ ਸਨ ਅਤੇ ਇਹ ਫੰਡ ਜ਼ਿਲ੍ਹਾ ਪ੍ਰੀਸ਼ਦਾਂ, ਪੰਚਾਇਤ ਸੰਮਤੀਆਂ ਅਤੇ ਪੰਚਾਇਤਾਂ ਰਾਹੀਂ ਜਾਰੀ ਕੀਤੇ ਗਏ ਸਨ।"ਉਨ੍ਹਾਂ ਅੱਗੇ ਕਿਹਾ, "ਪੰਜਾਬ ਸਰਕਾਰ ਨੇ ਪਿੰਡਾਂ ਵਿੱਚ ਸ਼ਾਮਲਾਟ ਜ਼ਮੀਨਾਂ ਨੂੰ ਲੀਜ਼ 'ਤੇ ਦੇਣ ਤੋਂ ਆਮਦਨ ਵਿੱਚ ਵਾਧਾ ਕੀਤਾ ਹੈ। ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਏ ਗਏ ਹਨ, ਜਿਸ ਨਾਲ ਸੂਬੇ ਦਾ ਮਾਲੀਆ ਵਧਿਆ ਹੈ। ਚਾਰ ਸਾਲਾਂ ਵਿੱਚ ਰਾਜ ਸਰਕਾਰ ਨੇ ਸ਼ਾਮਲਾਟ ਜ਼ਮੀਨ ਨੂੰ ਲੀਜ਼ 'ਤੇ ਦੇ ਕੇ 1,842.78 ਕਰੋੜ ਰੁਪਏ ਕਮਾਏ ਹਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "2025-26 ਵਿੱਚ ਪਿਛਲੇ ਸਾਲ ਦੇ ਮੁਕਾਬਲੇ ਮਾਲੀਆ 50.75 ਕਰੋੜ ਵਧਿਆ। ਲਗਪਗ 1.35 ਲੱਖ ਏਕੜ ਜ਼ਮੀਨ ਲੀਜ਼ 'ਤੇ ਦਿੱਤੀ ਗਈ, ਜਿਸ ਨਾਲ 520.54 ਕਰੋੜ ਦਾ ਮਾਲੀਆ ਆਇਆ, ਜਦੋਂ ਕਿ 2024-25 ਵਿੱਚ 469.79 ਕਰੋੜ ਆਏ ਸਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲੈ ਜਾਣ ਲਈ ਲਗਪਗ 3,000 ਪੇਂਡੂ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ ਅਤੇ ਇਸ 'ਤੇ 1,166 ਕਰੋੜ ਰੁਪਏ ਖਰਚੇ ਜਾ ਰਹੇ ਹਨ। ਇਹ ਮੈਦਾਨ 6,500 ਏਕੜ ਵਿੱਚ ਫੈਲੇ ਹੋਣਗੇ, ਜਿਸ ਲਈ 3,148 ਸਥਾਨਾਂ ਦੀ ਪਛਾਣ ਕੀਤੀ ਗਈ ਹੈ।"

ਉਨ੍ਹਾਂ ਕਿਹਾ, "2,400 ਮੈਦਾਨਾਂ 'ਤੇ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਇਸ ਸਾਲ ਜੂਨ ਤੱਕ ਪੂਰੇ ਹੋ ਜਾਣਗੇ, ਜਿਸ ਵਿੱਚ ਵਾਲੀਬਾਲ ਕੋਰਟ, ਫੁੱਟਬਾਲ ਮੈਦਾਨ, ਬੱਚਿਆਂ ਦੇ ਖੇਡਣ ਦਾ ਸਾਮਾਨ ਅਤੇ ਬੈਠਣ ਦੇ ਪ੍ਰਬੰਧ ਵਰਗੀਆਂ ਸਹੂਲਤਾਂ ਹੋਣਗੀਆਂ।"ਉਨ੍ਹਾਂ ਕਿਹਾ, "ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੰਚਾਇਤ ਘਰਾਂ ਦਾ ਨਿਰਮਾਣ ਕੀਤਾ ਗਿਆ ਹੈ। ਦੂਜੇ ਪੜਾਅ ਵਿੱਚ 125 ਕਰੋੜ ਦੇ ਬਜਟ ਨਾਲ 500 ਆਧੁਨਿਕ ਪੰਚਾਇਤ ਘਰ ਬਣਾਏ ਜਾ ਰਹੇ ਹਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪ੍ਰਤੀ ਇਮਾਰਤ 25 ਲੱਖ ਰੁਪਏ ਅਲਾਟ ਕੀਤੇ ਗਏ ਹਨ ਅਤੇ ਪਹਿਲੇ ਪੜਾਅ ਵਿੱਚ 373 ਇਮਾਰਤਾਂ ਪਹਿਲਾਂ ਹੀ ਪੂਰੀਆਂ ਹੋ ਚੁੱਕੀਆਂ ਹਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਨੇ ਪਿੰਡਾਂ ਵਿੱਚ 251 ਲਾਇਬ੍ਰੇਰੀਆਂ ਬਣਾਉਣ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਵਿੱਚੋਂ 231 ਪਹਿਲਾਂ ਹੀ ਪੂਰੀਆਂ ਹੋ ਚੁੱਕੀਆਂ ਹਨ। ਇਸ ਦਾ ਉਦੇਸ਼ ਪਿੰਡਾਂ ਦੇ ਲੋਕਾਂ ਨੂੰ ਸਾਹਿਤ ਨਾਲ ਜੋੜਨਾ ਅਤੇ ਨੌਜਵਾਨਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਮਦਦ ਕਰਨਾ ਹੈ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਨਰੇਗਾ ਸਕੀਮ ਬਾਰੇ ਗੱਲ ਕਰਦੇ ਹੋਏ ਕਿਹਾ, "2017-2022 ਤੱਕ ਸਿਰਫ਼ 4,708 ਕਰੋੜ ਖਰਚ ਕੀਤੇ ਗਏ ਸਨ, ਜਦੋਂ ਕਿ 2022 ਤੋਂ ਹੁਣ ਤੱਕ 5,146 ਕਰੋੜ ਖਰਚੇ ਗਏ ਹਨ। 8.96 ਲੱਖ ਲੋਕਾਂ ਨੂੰ ਰੋਜ਼ਗਾਰ ਮਿਲਿਆ ਹੈ ਅਤੇ 2.40 ਕਰੋੜ ਦਿਹਾੜੀਆਂ ਦਾ ਰੋਜ਼ਗਾਰ ਪੈਦਾ ਹੋਇਆ ਹੈ।"

ਮੁੱਖ ਮੰਤਰੀ ਨੇ ਕਿਹਾ, "2025-26 ਵਿੱਚ ਲਗਪਗ 63,357 ਨਵੇਂ ਜੌਬ ਕਾਰਡ ਜਾਰੀ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ 2,480 ਦਿਵਿਆਂਗ ਵਿਅਕਤੀਆਂ ਲਈ ਸਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਮਨਰੇਗਾ ਸਕੀਮ ਵਿੱਚ ਤਰਕਹੀਣ ਸੋਧਾਂ ਦਾ ਸਖ਼ਤ ਵਿਰੋਧ ਕਰਦਾ ਹੈ। ਪੰਜਾਬ ਵਿਧਾਨ ਸਭਾ ਨੇ ਕੇਂਦਰ ਸਰਕਾਰ ਵੱਲੋਂ ਕੀਤੀਆਂ ਤਬਦੀਲੀਆਂ ਦਾ ਵਿਰੋਧ ਕੀਤਾ ਸੀ, ਜੋ ਪੇਂਡੂ ਰੋਜ਼ਗਾਰ ਨੂੰ ਘਟਾ ਸਕਦੀਆਂ ਹਨ। ਅਜਿਹੀਆਂ ਪਾਬੰਦੀਆਂ-ਆਧਾਰਤ ਸੋਧਾਂ ਗੈਰ-ਵਾਜਬ ਹਨ ਕਿਉਂਕਿ ਇਹ ਸੋਧਾਂ ਅਜਿਹੀਆਂ ਯੋਜਨਾਵਾਂ ਦੇ ਇਰਾਦੇ 'ਤੇ ਗੰਭੀਰ ਸਵਾਲੀਆ ਨਿਸ਼ਾਨ ਲਗਾਉਂਦੀਆਂ ਹਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਨੇ ਪੇਂਡੂ ਪਰਿਵਾਰਾਂ ਲਈ ਰਿਹਾਇਸ਼ੀ ਸਹੂਲਤਾਂ ਪ੍ਰਦਾਨ ਕਰਨ ਲਈ ਮਿਸਾਲੀ ਪਹਿਲਕਦਮੀਆਂ ਕੀਤੀਆਂ ਹਨ। ਇਸ ਸਾਲ 76 ਹਜ਼ਾਰ ਘਰਾਂ ਲਈ ਪ੍ਰਵਾਨਗੀ ਦਿੱਤੀ ਗਈ ਸੀ, ਜਿਨ੍ਹਾਂ ਵਿੱਚ 30 ਹਜ਼ਾਰ ਹੜ੍ਹ ਪ੍ਰਭਾਵਿਤ ਪਰਿਵਾਰ ਸ਼ਾਮਲ ਸਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "2016-2022 ਤੱਕ ਸੂਬੇ ਵਿੱਚ ਸਿਰਫ਼ 39 ਹਜ਼ਾਰ ਘਰ ਬਣਾਏ ਗਏ ਸਨ, ਜਦੋਂ ਕਿ ਇਸ ਸਾਲ ਸੂਬਾ ਸਰਕਾਰ ਨੇ ਸਮਾਜ ਦੇ ਗਰੀਬ ਵਰਗ ਲਈ ਇਕ ਲੱਖ ਘਰ ਬਣਾਉਣ ਦਾ ਟੀਚਾ ਰੱਖਿਆ ਹੈ।"ਉਨ੍ਹਾਂ ਕਿਹਾ, "ਪੰਜਾਬ ਸਰਕਾਰ ਨੇ 17,080 ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਲਈ ਵੱਡੀ ਯੋਜਨਾ ਸ਼ੁਰੂ ਕੀਤੀ ਹੈ। 13,414 ਛੱਪੜਾਂ ਵਿੱਚੋਂ ਪਾਣੀ ਕੱਢਿਆ ਗਿਆ ਹੈ ਅਤੇ 4,706 ਛੱਪੜਾਂ ਵਿੱਚੋਂ ਗਾਰ ਕੱਢਣ ਦਾ ਕੰਮ ਪੂਰਾ ਹੋ ਗਿਆ ਹੈ, ਜਿਸ ਲਈ 235 ਕਰੋੜ ਖਰਚ ਕੀਤੇ ਜਾ ਰਹੇ ਹਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਜਾਤੀ ਆਧਾਰਤ ਸਮਾਜਿਕ-ਆਰਥਿਕ ਸਰਵੇਖਣ ਕੀਤਾ ਜਾ ਰਿਹਾ ਹੈ। ਇਸ ਦਾ ਉਦੇਸ਼ ਸਾਰੀਆਂ ਜਾਤੀਆਂ ਅਤੇ ਉਪ-ਜਾਤੀਆਂ ਦੇ ਜੀਵਨ ਪੱਧਰ ਦਾ ਮੁਲਾਂਕਣ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਭਲਾਈ ਲਈ ਨੀਤੀਆਂ ਬਣਾਈਆਂ ਜਾ ਸਕਣ। ਇਸ ਉਦੇਸ਼ ਲਈ 250 ਕਰੋੜ ਦਾ ਬਜਟ ਰੱਖਿਆ ਗਿਆ ਹੈ, ਜਿਸ ਵਿੱਚ 28,000 ਗਿਣਤੀਕਾਰ ਤਾਇਨਾਤ ਕੀਤੇ ਜਾਣਗੇ ਅਤੇ ਹਰੇਕ ਨੂੰ 62,500 ਮਾਣਭੱਤਾ ਮਿਲੇਗਾ।"

ਉਨ੍ਹਾਂ ਕਿਹਾ, "ਨਸ਼ਿਆਂ ਵਿਰੁੱਧ ਜੰਗ ਨੂੰ ਸੂਬੇ ਦੇ ਸਾਰੇ ਪਿੰਡਾਂ ਨੇ ਆਪਣਾ ਸਮਰਥਨ ਦਿੱਤਾ ਹੈ। ਮੈਂ ਪੰਚਾਇਤਾਂ ਅਤੇ ਵਲੰਟੀਅਰਾਂ ਦਾ ਨਸ਼ਾ ਵਿਰੋਧੀ ਯਤਨਾਂ ਦਾ ਸਰਗਰਮੀ ਨਾਲ ਜੁੜਨ ਲਈ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿਉਂਕਿ ਪਹਿਲਾਂ ਹੀ 1.25 ਲੱਖ ਮੈਂਬਰ ਇਸ ਮੁਹਿੰਮ ਵਿੱਚ ਸ਼ਾਮਲ ਹੋ ਚੁੱਕੇ ਹਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "12 ਹਜ਼ਾਰ ਵਿਲੇਜ ਡਿਫੈਂਸ ਕਮੇਟੀਆਂ ਬਣਾਈਆਂ ਗਈਆਂ ਹਨ ਅਤੇ ਵਲੰਟੀਅਰ 'ਪਿੰਡ ਦੇ ਸਰਪ੍ਰਸਤ' ਵਜੋਂ ਕੰਮ ਕਰ ਰਹੇ ਹਨ। ਬਹੁਤ ਸਾਰੇ ਨਸ਼ਾ ਤਸਕਰਾਂ ਨੂੰ ਇਨ੍ਹਾਂ ਕਮੇਟੀਆਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਜਾਂਦਾ ਹੈ।"

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ, "ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਤਹਿਤ 23 ਜ਼ਿਲ੍ਹਿਆਂ ਦੀਆਂ 100 ਅਗਾਂਹਵਧੂ ਮਹਿਲਾ ਉੱਦਮੀਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ 25,000 ਰੁਪਏ ਪ੍ਰਤੀ ਵਿਅਕਤੀ ਵੀ ਦਿੱਤੇ ਗਏ।"ਉਨ੍ਹਾਂ ਕਿਹਾ, "117 ਹਲਕਿਆਂ ਵਿੱਚ 11,700 ਔਰਤਾਂ ਨੂੰ ਸਨਮਾਨਿਤ ਕੀਤਾ ਗਿਆ ਹੈ ਅਤੇ 2,300 ਔਰਤਾਂ ਨੂੰ ਜ਼ਿਲ੍ਹਾ ਪੱਧਰੀ ਸਮਾਗਮਾਂ ਵਿੱਚ ਸਨਮਾਨਿਤ ਕੀਤਾ ਗਿਆ। ਮਿਸ਼ਨ ਤਹਿਤ, 58,303 ਸਵੈ-ਸਹਾਇਤਾ ਸਮੂਹ ਬਣਾਏ ਗਏ ਹਨ ਅਤੇ 5.89 ਲੱਖ ਪਰਿਵਾਰਾਂ ਨੂੰ ਜੋੜਿਆ ਗਿਆ ਹੈ, ਜਿਨ੍ਹਾਂ ਨੂੰ 147 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।"

ਮੁੱਖ ਮੰਤਰੀ ਨੇ ਕਿਹਾ, "ਮਹਿਲਾ ਸ਼ਕਤੀਕਰਨ ਪਹਿਲਕਦਮੀਆਂ ਦੇ ਹਿੱਸੇ ਵਜੋਂ ਔਰਤਾਂ ਨੂੰ ਡੇਅਰੀ ਫਾਰਮਿੰਗ ਨਾਲ ਜੋੜਨ ਲਈ ਨਵੀਂ ਯੋਜਨਾ ਸ਼ੁਰੂ ਕੀਤੀ ਗਈ ਹੈ। ਇਸ ਯੋਜਨਾ ਤਹਿਤ 1,100 ਦੁੱਧ ਸਹਿਕਾਰੀ ਸਭਾਵਾਂ ਰਜਿਸਟਰ ਕੀਤੀਆਂ ਗਈਆਂ ਹਨ ਅਤੇ ਔਰਤਾਂ ਨੂੰ 18 ਕਰੋੜ ਰੁਪਏ ਦੇ ਵਿਆਜ ਮੁਕਤ ਕਰਜ਼ੇ ਦਿੱਤੇ ਗਏ ਹਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਸਭਾਵਾਂ ਮਿਲਕਫੈੱਡ ਨੂੰ ਰੋਜ਼ਾਨਾ ਇਕ ਲੱਖ ਲੀਟਰ ਦੁੱਧ ਸਪਲਾਈ ਕਰ ਰਹੀਆਂ ਹਨ। ਪੰਜਾਬ ਭਰ ਵਿੱਚ ਸਖੀ ਸ਼ਕਤੀ ਮੇਲੇ ਲਗਾਏ ਗਏ ਸਨ, ਜਿਸ ਵਿੱਚ 1,500 ਤੋਂ ਵੱਧ ਔਰਤਾਂ ਨੇ ਹਿੱਸਾ ਲਿਆ ਅਤੇ ਉਨ੍ਹਾਂ ਦੁਆਰਾ ਤਿਆਰ ਕੀਤੇ ਨੌਂ ਕਰੋੜ ਦੇ ਉਤਪਾਦ ਵੇਚੇ ਗਏ।"

ਉਨ੍ਹਾਂ ਕਿਹਾ, "ਤਾਲਮੇਲ ਨੂੰ ਬਿਹਤਰ ਬਣਾਉਣ ਲਈ ਪਹਿਲੀ ਵਾਰ ਵਿਧਾਨ ਸਭਾ ਹਲਕਿਆਂ ਅਨੁਸਾਰ ਬਲਾਕਾਂ ਦਾ ਪੁਨਰਗਠਨ ਕੀਤਾ ਗਿਆ ਹੈ। ਪੇਂਡੂ ਵਿਕਾਸ ਅਧਿਕਾਰੀਆਂ ਅਤੇ ਪੰਚਾਇਤ ਸਕੱਤਰਾਂ ਨੂੰ ਰਾਜ ਕੇਡਰ ਵਿੱਚ ਮਿਲਾ ਦਿੱਤਾ ਗਿਆ ਹੈ। ਕਾਰਜ ਕੁਸ਼ਲਤਾ ਵਿੱਚ ਸੁਧਾਰ ਲਿਆਉਣ ਲਈ ਸੂਬੇ ਵਿੱਚ 3,327 ਪੰਚਾਇਤ ਵਿਕਾਸ ਸਕੱਤਰਾਂ ਲਈ ਸੂਬਾਈ ਕੇਡਰ ਬਣਾਇਆ ਗਿਆ ਹੈ।"

ਇਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਆਰ.ਡੀ.ਐਫ., ਜੀ.ਐਸ.ਟੀ., ਐਨ.ਐਚ.ਐਮ. ਅਤੇ ਹੋਰ ਗ੍ਰਾਂਟਾਂ ਨੂੰ ਕੇਂਦਰ ਨੇ ਰੋਕਿਆ ਹੋਇਆ ਹੈ। ਇਸ ਦਾ ਇਕੋ ਇਕ ਕਾਰਨ ਇਹ ਹੈ ਕਿ ਪੰਜਾਬ ਵਿੱਚ ਭਾਜਪਾ ਨੂੰ ਵੋਟ ਨਹੀਂ ਮਿਲਦੀ, ਜਿਸ ਕਾਰਨ ਕੇਂਦਰ ਸਰਕਾਰ ਪੰਜਾਬ ਨਾਲ ਬੇਇਨਸਾਫ਼ੀ ਕਰ ਰਹੀ ਹੈ।"

ਮੁੱਖ ਮੰਤਰੀ ਨੇ ਕਿਹਾ, "ਕੇਂਦਰ ਵੱਲੋਂ ਅਲਾਟ ਕੀਤਾ ਗਿਆ ਆਫ਼ਤ ਪ੍ਰਬੰਧਨ ਫੰਡ ਬਹੁਤ ਘੱਟ ਹੈ ਅਤੇ ਜਨਤਾ ਦੇ ਵਡੇਰੇ ਹਿੱਤ ਵਿੱਚ ਇਸ ਵਿੱਚ ਸੋਧ ਕਰਨ ਦੀ ਲੋੜ ਹੈ। ਸੂਬਾ ਇਸ ਵਿਤਕਰੇ ਦਾ ਸਖ਼ਤ ਵਿਰੋਧ ਕਰੇਗਾ ਅਤੇ ਸੂਬੇ ਦਾ ਜਾਇਜ਼ ਹਿੱਸਾ ਪ੍ਰਾਪਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੁੱਦੇ ਨੂੰ ਕਾਨੂੰਨੀ ਅਤੇ ਪ੍ਰਸ਼ਾਸਕੀ ਤੌਰ 'ਤੇ ਹਰ ਪਲੇਟਫਾਰਮ 'ਤੇ ਚੁੱਕਿਆ ਜਾਵੇਗਾ।"

ਇਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਕਾਂਗਰਸ ਦੇ ਆਗੂ ਆਪਣੀ ਪਾਰਟੀ ਦੀ ਅਗਵਾਈ ਵਾਲੀ ਹਿਮਾਚਲ ਸਰਕਾਰ ਦੁਆਰਾ ਐਂਟਰੀ ਟੈਕਸ ਲਗਾਉਣ 'ਤੇ ਚੁੱਪ ਧਾਰੀ ਬੈਠੇ ਹਨ, ਜਦੋਂ ਕਿ ਇਹ ਮੁੱਦਾ ਪੰਜਾਬੀਆਂ ਦੇ ਇਕ ਵੱਡੇ ਹਿੱਸੇ ਨਾਲ ਸਬੰਧਤ ਹੈ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇੱਕ ਪਾਸੇ ਸੂਬਾ ਸਰਕਾਰ ਟੋਲ ਟੈਕਸ ਖ਼ਤਮ ਕਰ ਰਹੀ ਹੈ ਅਤੇ ਆਮ ਆਦਮੀ ਨੂੰ ਰਾਹਤ ਦੇ ਰਹੀ ਹੈ, ਜਦੋਂ ਕਿ ਦੂਜੇ ਪਾਸੇ ਗੁਆਂਢੀ ਸੂਬੇ ਲੋਕਾਂ 'ਤੇ ਬੇਲੋੜਾ ਟੈਕਸ ਲਗਾ ਰਹੇ ਹਨ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬਾ ਸਰਕਾਰ ਕਣਕ ਦੀ ਫਸਲ ਦੀ ਸੁਚਾਰੂ ਅਤੇ ਮੁਸ਼ਕਲ ਰਹਿਤ ਖਰੀਦ ਅਤੇ ਲਿਫਟਿੰਗ ਲਈ ਵਚਨਬੱਧ ਹੈ ਅਤੇ ਇਸ ਲਈ ਵਿਆਪਕ ਪ੍ਰਬੰਧ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ। ਸੁਚਾਰੂ ਖਰੀਦ ਨੂੰ ਖਤਰੇ ਵਿੱਚ ਪਾਉਣ ਲਈ ਅਪਣਾਈ ਜਾ ਰਹੀ ਬਲੈਕਮੇਲਿੰਗ ਦੀ ਰਣਨੀਤੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਜਿਹੀਆਂ ਤਾਕਤਾਂ ਵਿਰੁੱਧ ਮਿਸਾਲੀ ਕਾਰਵਾਈ ਕੀਤੀ ਜਾਵੇਗੀ।"ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਕ ਵਧੀਆ ਸਰਕਾਰ ਕੰਮ ਕਰ ਰਹੀ ਹੈ, ਜਦੋਂ ਕਿ ਪਹਿਲਾਂ ਵਾਲੀਆਂ ਸਰਕਾਰਾਂ ਲੋਕਾਂ ਨੂੰ ਲੁੱਟਣ ਤੱਕ ਸੀਮਤ ਸਨ।"

ਉਨ੍ਹਾਂ ਕਿਹਾ, "ਪੰਜਾਬ ਸਰਕਾਰ ਕਿਸਾਨਾਂ ਦੀ ਜ਼ਮੀਨ ਵਿੱਚੋਂ ਲੰਘਦੀਆਂ ਹਾਈ ਟੈਨਸ਼ਨ ਤਾਰਾਂ ਨੂੰ ਜ਼ਮੀਨਦੋਜ਼ ਕਰਨ ਦੀ ਸੰਭਾਵਨਾ ਦੀ ਪੜਚੋਲ ਕਰ ਰਹੀ ਹੈ ਅਤੇ ਰਣਨੀਤੀ ਬਣਾਈ ਜਾ ਰਹੀ ਹੈ। ਇਹ ਕਿਸਾਨਾਂ ਲਈ ਰਾਹਤ ਹੋਵੇਗੀ ਕਿਉਂਕਿ ਇਹ ਤਾਰਾਂ ਫਸਲਾਂ ਲਈ ਬਹੁਤ ਵੱਡਾ ਖ਼ਤਰਾ ਖੜ੍ਹਾ ਕਰਦੀਆਂ ਹਨ।"ਇਸ ਮੌਕੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਤੇ ਹੋਰ ਵੀ ਮੌਜੂਦ ਸਨ।




CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD
TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899  (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਹਾੜ੍ਹੀ ਸੀਜਨ 2026-27 ਦੌਰਾਨ ਕਣਕ ਦੀ ਸਰਕਾਰੀ ਖਰੀਦ ਅੱਜ ਤੋਂ ਸ਼ੁਰੂ ਦਾਣਾ ਮੰਡੀ ਰਈਆ, ਸਠਿਆਲਾ, ਬੁਤਾਲਾ, ਕਾਲੇਕੇ ਅਤੇ ਖਲਚੀਆਂ ਦੇ ਪ੍ਰਬੰਧ ਮੁਕੰਮਲ- ਸੁਰਜੀਤ ਸਿੰਘ ਕੰਗ

ਰਈਆ
ਬਲਰਾਜ ਸਿੰਘ ਰਾਜਾ

ਅੱਜ ਚੇਅਰਮੈਨ ਸਰਜੀਤ ਸਿੰਘ ਕੰਗ ਨੇ ਪ੍ਰੈਸ ਬਿਆਨ ਰਾਹੀਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਾਣਾ ਮੰਡੀ ਰਈਆ ਵਿੱਚ ਮਾਰਕੀਟ ਕਮੇਟੀ ਵੱਲੋਂ ਸਫਾਈ, ਬਿਜਲੀ, ਪਾਣੀ, ਛਾਂ, ਟੋਇਲਟ ਬਾਥਰੂਮ ਆਦਿ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸ ਮੌਕੇ ਚੇਅਰਮੈਨ ਸੁਰਜੀਤ ਸਿੰਘ ਕੰਗ ਨੇ ਕਿਹਾ ਕਿ ਸਮੂਹ ਆੜਤੀਆ ਸਾਹਿਬਾਨ ਮਾਰਕੀਟ ਕਮੇਟੀ ਅਤੇ ਸਰਕਾਰ ਦੀਆਂ ਹਦਾਇਤਾਂ ਦੀ ਇਨ ਬਿਨ ਪਾਲਣਾ ਜਰੂਰ ਕਰਨ, ਮੰਡੀ ਵਿੱਚ ਵੱਡਾ ਕੰਡਾ ਕਰਵਾਉਣ ਦੀ ਆਗਿਆ ਨਹੀਂ ਹੈ, ਫ਼ਸਲ ਨੂੰ ਪੱਖਾ ਲਾਗੋਣਾ ਲਾਜ਼ਮੀ ਹੋਵੇਗਾ ਅਤੇ ਆਪਣੇ ਕੰਡੇ ਵੱਟੇ ਚੈੱਕ ਕਰਵਾ ਕੇ ਆਪਣੀਆਂ ਪਰਚੀਆਂ ਮਾਰਕੀਟ ਕਮੇਟੀ ਦਫਤਰ ਸਮੇਂ ਸਿਰ ਪਹੁੰਚਾਉਣ, ਮੰਡੀ ਤੋਂ ਬਾਹਰ ਕੋਈ ਵੀ ਫੜ੍ਹ ਨਹੀਂ ਲਗੇਗਾ ਅਤੇ ਆੜਤੀਆਂ ਦਾ ਪੋਰਟਲ ਤੇ ਰਜਿਸਟਰ ਹੋਣਾ ਲਾਜ਼ਮੀ ਹੋਵੇਗਾ ਅਤੇ ਸਾਰੀਆਂ ਹੀ ਜਿੰਨਸਾਂ ਦੀ ਖਰੀਦ/ਵੇਚ ਸਮੇਤ ਪ੍ਰਾਈਵੇਟ ਖਰੀਦ ਲੈਂਡ ਮੈਪਿੰਗ ਪੋਰਟਲ ਰਾਹੀਂ ਹੋਵੇਗੀ।

ਇਸ ਸਬੰਧੀ ਸਮੂਹ ਆਰਤੀਆਂ ਨੂੰ ਸਖਤੀ ਨਾਲ ਸੂਚਿਤ ਕੀਤਾ ਜਾਵੇਗਾ, ਜਿੰਨਾ ਲਾਇਸੈਂਸੀ ਫਰਮਾਂ ਵਿਰੁੱਧ ਕਿਸੇ ਕਿਸਮ ਦਾ ਬਕਾਇਆ ਜਿਵੇਂ ਕਿ ਮਾਰਕੀਟ ਫੀਸ, ਪਾਣੀ/ ਸੀਵਰੇਜ ਬਿੱਲ ਫਰਮ ਵੱਲੋਂ ਪੰਜਾਬ ਮੰਡੀ ਬੋਰਡ ਮਾਰਕੀਟ ਕਮੇਟੀ ਦੀ ਜਗ੍ਹਾ ਜਾਂ ਮੰਡੀ ਵਿੱਚ ਕਿਸੇ ਦਾ ਕੋਈ ਨਜਾਇਜ਼ ਕਬਜ਼ਾ ਕੀਤਾ ਗਿਆ ਹੋਵੇ। ਉਹਨਾਂ ਨੂੰ ਡਿਫਾਲਟਰ ਮੰਨਦੇ ਹੋਏ ਪੰਜਾਬ ਰਾਜ ਖੇਤੀਬਾੜੀ ਉਪਜ ਮੰਡੀਆਂ ਐਕਟ 1961 ਦੇ ਉਪਬੰਦਾ ਅਨੁਸਾਰ ਲਾਈਸੈਂਸ ਵਿਰੁੱਧ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਜੇਕਰ ਫਿਰ ਵੀ ਲਾਈਸੈਂਸ ਹੀ ਫਰਮ ਵੱਲੋਂ ਆਪਣਾ ਬਕਾਇਆ ਕਲੀਅਰ ਨਹੀਂ ਕੀਤਾ ਜਾਂਦਾ ਜਾਂ ਨਜਾਇਜ ਕਬਜ਼ਾ ਨਹੀਂ ਹਟਾਇਆ ਜਾਂਦਾ ਤਾਂ ਉਸ ਫਰਮ ਦਾ ਲਾਈਸੈਂਸ ਰੱਦ ਕਰਨ ਲਈ ਕੇਸ ਮੁੱਖ ਦਫਤਰ ਵਿਖੇ ਭੇਜਿਆ ਜਾਵੇਗਾ। ਜਿੰਨਾ ਆੜਤੀਆਂ ਫਰਮਾਂ ਪਾਸ ਕਿਸੇ ਤਰ੍ਹਾਂ ਦੀ ਕੋਟ ਕੇਸ ਅਧੀਨ ਮਾਰਕੀਟ ਫੀਸ ਆਦੀ ਰਿਕਵਰੀ ਦਾ ਕਿਸੇ ਵੀ ਤਰਾਂ ਦਾ ਕੋਟ ਕੇਸ ਵਿਚਾਰ ਅਧੀਨ ਹੈ। ਉਸ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਕੋਟ ਕੇਸ ਸਟੇ ਅਧੀਨ ਫਰਮਾਂ ਨੂੰ ਉਹਨਾਂ ਦੀ ਕੇਸ ਵਿਚਾਰ ਅਧੀਨ ਹੋਣ ਕਾਰਨ ਡਿਫਾਲਟਰ ਮੰਨਿਆ ਜਾਵੇਗਾ, ਲਾਈਸੈਂਸ ਰਿਨਿਊ ਕਰਾਉਣ ਲਈ ਲੜੀਂਦੇ ਆਦੇਸ਼ ਸਬੰਧਤ ਸਕੱਤਰ ਮਾਰਕੀਟ ਕਮੇਟੀ ਵੱਲੋਂ ਜਾਰੀ ਕੀਤੇ ਜਾਣ ਕੇਵਲ ਵੈਲਿਡ ਲਾਈਸੈਂਸੀ ਫਰਮਾਂ ਨੂੰ ਹੀ ਖੇਤੀਬਾੜੀ ਜਿਨਸਾਂ ਦੀ ਖਰੀਦ/ਵੇਚ ਵਿੱਚ ਭਾਗ ਲੈਣ ਦਿੱਤਾ ਜਾਵੇਗਾ।



ਚੇਅਰਮੈਨ ਸੁਰਜੀਤ ਸਿੰਘ ਕੰਗ ਨੇ ਕਿਹਾ ਕਿ ਇਹਨਾਂ ਹਦਾਇਤਾਂ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਮੰਡੀ ਦੇ ਪ੍ਰਬੰਧ ਸਹੀ ਤਰੀਕੇ ਨਾਲ ਚਲਾਏ ਜਾ ਸਕਨ। ਇਸ ਸਮੇਂ ਦੌਰਾਨ ਮੰਡੀ ਦੇ ਪ੍ਰਬੰਧਾਂ ਅਤੇ ਆੜਤੀਆਂ ਦੇ ਕੰਮਾਂ ਦੀ ਸੀਜ਼ਨ ਦੌਰਾਨ ਬਾਰ-ਬਾਰ ਚੈਕਿੰਗ ਕੀਤੀ ਜਾਵੇਗੀ ਤਾਂ ਜੋ ਕਿਸਾਨਾਂ ਅਤੇ ਏਜੰਸੀਆਂ ਨੂੰ ਕਿਸੇ ਤਰ੍ਹਾਂ ਦਾ ਕੋਈ ਮੁਸ਼ਕਿਲ ਨਾ ਆਵੇ। ਇਸ ਮੌਕੇ ਉਹਨਾਂ ਨਾਲ ਪ੍ਰਿਤਪਾਲ ਸਿੰਘ ਪੱਡਾ, ਕੋਮਲ ਸਿੰਘ ਮਾਨ, ਪਿਆਰਾ ਸਿੰਘ ਸੇਖੋਂ, ਰਾਮ ਲੁਬਾਇਆ ਮੀਆਂਵਿੰਡ ਵਾਲੇ, ਗੱਜਣ ਸਿੰਘ, ਪਵਨਪ੍ਰੀਤ ਸਿੰਘ ਮਾਨ ਆਦਿ ਆਗੂ ਹਾਜ਼ਰ ਸਨ।

# ਭਗਵੰਤ ਮਾਨ ਸਰਕਾਰ ਵੱਲੋਂ ਜਨਤਕ ਸੇਵਾਵਾਂ ਵਿੱਚ ਸੁਧਾਰ ਲਈ ਬਕਾਇਆ ਆਰ.ਸੀ. ਅਤੇ ਡਰਾਈਵਿੰਗ ਲਾਇਸੰਸ ਅਰਜ਼ੀਆਂ ਦੇ ਸਮਾਂਬੱਧ ਨਿਪਟਾਰੇ ਦੇ ਨਿਰਦੇਸ਼: ਹਰਪਾਲ ਸਿੰਘ ਚੀਮਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਵਿੱਤ, ਟਰਾਂਸਪੋਰਟ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਰਜਿਸਟ੍ਰੇਸ਼ਨ ਸਰਟੀਫਿਕੇਟਾਂ (ਆਰ.ਸੀ.) ਅਤੇ ਡਰਾਈਵਿੰਗ ਲਾਇਸੈਂਸਾਂ (ਡੀ.ਐਲ.) ਜਾਰੀ ਕਰਨ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਅੱਜ ਇੱਥੇ ਟਰਾਂਸਪੋਰਟ ਵਿਭਾਗ ਦੀ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੀਟਿੰਗ ਵਿੱਚ ਟਰਾਂਸਪੋਰਟ ਸਕੱਤਰ ਵਰੁਣ ਰੂਜ਼ਮ, ਸਟੇਟ ਟਰਾਂਸਪੋਰਟ ਕਮਿਸ਼ਨਰ ਪਰਨੀਤ ਸ਼ੇਰਗਿੱਲ, ਸਕੱਤਰ ਆਰ.ਟੀ.ਏ., ਆਰ.ਟੀ.ਓਜ਼ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ। ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ, "ਜਨਤਕ ਸੇਵਾਵਾਂ ਨੂੰ ਸੁਚਾਰੂ ਬਣਾਉਣ ਲਈ ਇੱਕ ਫੈਸਲਾਕੁੰਨ ਕਦਮ ਚੁੱਕਦੇ ਹੋਏ, ਅਸੀਂ ਟਰਾਂਸਪੋਰਟ ਵਿਭਾਗ ਦੀ ਇੱਕ ਵਿਆਪਕ ਸਮੀਖਿਆ ਕੀਤੀ ਹੈ, ਜਿਸ ਵਿੱਚ ਸਾਡਾ ਮੁੱਖ ਧਿਆਨ ਰਜਿਸਟ੍ਰੇਸ਼ਨ ਸਰਟੀਫਿਕੇਟਾਂ ਅਤੇ ਡਰਾਈਵਿੰਗ ਲਾਇਸੈਂਸਾਂ ਨੂੰ ਜਾਰੀ ਕਰਨ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ 'ਤੇ ਕੇਂਦਰਿਤ ਸੀ।"

ਉਨ੍ਹਾਂ ਕਿਹਾ, "ਮੈਂ ਇਸ ਸਮੇਂ ਵੈਰੀਫਿਕੇਸ਼ਨ ਅਤੇ ਪ੍ਰਵਾਨਗੀ (ਅਪਰੂਵਲ) ਪੱਧਰ 'ਤੇ ਲੰਬਿਤ ਪਈਆਂ ਕੁੱਲ ਅਰਜ਼ੀਆਂ ਦਾ ਸਖ਼ਤ ਨੋਟਿਸ ਲਿਆ ਹੈ ਅਤੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਇਨ੍ਹਾਂ ਬਕਾਇਆ ਅਰਜ਼ੀਆਂ ਦਾ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਹਨ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਅਸੀਂ ਸਮਾਂਬੱਧ ਜਨਤਕ ਸੇਵਾਵਾਂ ਪ੍ਰਦਾਨ ਕਰਨ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ, ਅਤੇ ਮੈਂ ਉਨ੍ਹਾਂ ਸਾਰੀਆਂ ਅਰਜ਼ੀਆਂ ਦੀ ਬਾਰੀਕੀ ਨਾਲ ਨਿਗਰਾਨੀ ਕਰਨ ਦੇ ਹੁਕਮ ਦਿੱਤੇ ਹਨ ਜਿਨ੍ਹਾਂ ਵਿੱਚ ਨਿਰਧਾਰਤ ਸਮਾਂ ਸੀਮਾ ਤੋਂ ਵੱਧ ਦੇਰੀ ਹੋਈ ਹੈ।" ਉਨ੍ਹਾਂ ਅੱਗੇ ਕਿਹਾ, "ਜਵਾਬਦੇਹੀ ਲਾਗੂ ਕਰਨ ਅਤੇ ਨਿਪਟਾਰੇ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਵਿਭਾਗ ਵੱਲੋਂ ਬਕਾਇਆ ਅਰਜ਼ੀਆਂ ਦੇ ਨਾਲ-ਨਾਲ ਦੇਰੀ ਦੇ ਖਾਸ ਕਾਰਨਾਂ ਬਾਰੇ ਵਿਸਤ੍ਰਿਤ ਡਾਟਾ ਸਰਗਰਮੀ ਨਾਲ ਇਕੱਠਾ ਕੀਤਾ ਜਾ ਰਿਹਾ ਹੈ।" ਡਿਜੀਟਲ ਗਵਰਨੈਂਸ ਲਈ ਸਰਕਾਰ ਦੇ ਯਤਨਾਂ ਨੂੰ ਉਜਾਗਰ ਕਰਦਿਆਂ ਵਿੱਤ ਮੰਤਰੀ ਨੇ ਕਿਹਾ, "ਅਸੀਂ ਫੇਸਲੈੱਸ ਅਤੇ ਸੰਪਰਕ ਰਹਿਤ (ਕੰਟੈਕਟਲੈੱਸ) ਮੋਡ ਰਾਹੀਂ ਪੇਸ਼ ਕੀਤੀਆਂ ਜਾ ਰਹੀਆਂ ਡਰਾਈਵਿੰਗ ਲਾਇਸੈਂਸ ਸੇਵਾਵਾਂ ਦੀ ਸਥਿਤੀ ਦੀ ਸਮੀਖਿਆ ਕੀਤੀ ਹੈ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਇਨ੍ਹਾਂ ਸ਼੍ਰੇਣੀਆਂ ਅਧੀਨ ਲੰਬਿਤ ਅਰਜ਼ੀਆਂ 'ਤੇ ਬਾਰੀਕੀ ਨਾਲ ਨਜ਼ਰ ਰੱਖੀ ਜਾਵੇ ਤਾਂ ਜੋ ਉਨ੍ਹਾਂ ਦਾ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਇਆ ਜਾ ਸਕੇ।" ਨਾਗਰਿਕਾਂ ਨੂੰ ਆ ਰਹੀਆਂ ਪਰੇਸ਼ਾਨੀਆਂ ਬਾਰੇ ਬੋਲਦਿਆਂ ਉਨ੍ਹਾਂ ਕਿਹਾ, "ਕੇਂਦਰੀਕ੍ਰਿਤ ਪ੍ਰਿੰਟਿੰਗ ਬ੍ਰਾਂਚ



ਵਿਖੇ ਰਜਿਸਟ੍ਰੇਸ਼ਨ ਸਰਟੀਫਿਕੇਟਾਂ ਅਤੇ ਡਰਾਈਵਿੰਗ ਲਾਇਸੈਂਸਾਂ ਦੀ ਛਪਾਈ ਦੇ ਬੈਕਲਾਗ ਨੂੰ ਪ੍ਰਮੁੱਖ ਤਰਜੀਹ ਵਜੋਂ ਲਿਆ ਜਾਣਾ ਚਾਹੀਦਾ ਹੈ, ਅਤੇ ਮੈਂ ਇਸ ਬਕਾਏ ਨੂੰ ਖਤਮ ਕਰਨ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ।" ਸੜਕ ਸੁਰੱਖਿਆ ਅਤੇ ਟਰਾਂਸਪੋਰਟ ਸੰਚਾਲਨ ਬਾਰੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਅਸੀਂ ਪੂਰੇ ਪੰਜਾਬ ਵਿੱਚ ਬਿਹਤਰ ਟਰੈਫਿਕ ਪ੍ਰਬੰਧਨ ਅਤੇ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹਾਈਵੇਅ ਟਰੈਫਿਕ ਕੈਮਰਿਆਂ ਦੀ ਤਾਇਨਾਤੀ ਅਤੇ ਨਿਗਰਾਨੀ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ।" ਉਨ੍ਹਾਂ ਅੱਗੇ ਕਿਹਾ, "ਅਸੀਂ ਟਰਾਂਸਪੋਰਟ ਨੈਟਵਰਕ ਦੀ ਕੁਸ਼ਲਤਾ, ਭਰੋਸੇਯੋਗਤਾ ਅਤੇ ਪਹੁੰਚ ਨੂੰ ਹੋਰ ਵੱਧ ਯਕੀਨੀ ਬਣਾਉਣ ਲਈ ਮੌਜੂਦਾ ਸਮਾਂ-ਸਾਰਣੀ ਦੀ ਸਮੀਖਿਆ ਕਰਕੇ ਅਤੇ ਬਾਕੀ ਰਹਿ ਗਏ ਰੂਟਾਂ ਦਾ ਧਿਆਨ ਰੱਖਦੇ ਹੋਏ ਪਬਲਿਕ ਟਰਾਂਸਪੋਰਟ ਦੇ ਸਮੇਂ ਨੂੰ ਬਿਹਤਰ ਬਣਾਉਣ 'ਤੇ ਵੀ ਕੰਮ ਕਰ ਰਹੇ ਹਾਂ।"

# ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨੀ ਮੰਗਾਂ ਨੂੰ ਲੈ ਕੇ ਡੀਸੀ ਦਫਤਰ ਅੱਗੇ ਧਰਨਾ 6 ਅਪ੍ਰੈਲ ਨੂੰ

ਸੰਗਰੂਰ
ਸਾਂਝੀ ਸੋਚ ਬਿਊਰੋ

ਅੱਜ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਬੀਕੇਯੂ ਏਕਤਾ ਉਗਰਾਹਾਂ ਦੇ ਸੂਬਾ ਸਕੱਤਰ ਜਗਤਾਰ ਸਿੰਘ ਕਾਲਾਝਾੜ ਦੀ ਪ੍ਰਧਾਨਗੀ ਹੇਠ ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਸੰਗਰੂਰ ਵਿਖੇ ਹੋਈ।

ਜਿਸ ਵਿੱਚ ਸੂਬਾ ਪੱਧਰੀ ਸੱਦੇ ਤਹਿਤ 6 ਅਪ੍ਰੈਲ ਨੂੰ ਡੀਸੀ ਦਫਤਰ ਸੰਗਰੂਰ ਅੱਗੇ ਲਾਏ ਜਾਣ ਵਾਲੇ ਧਰਨੇ ਦੀ ਵਿਉਂਤਬੰਦੀ ਕੀਤੀ ਗਈ।

ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਬੀਕੇਯੂ ਡਕੌਂਦਾ ਧਨੇਰ ਦੇ ਜਨਰਲ ਸਕੱਤਰ ਜਗਤਾਰ ਸਿੰਘ ਦੁੱਗਾਂ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਸ਼ਮੀਰ ਸਿੰਘ ਘਰਾਚੋਂ, ਬੀਕੇਯੂ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਆਗੂ ਸ਼ਮਸ਼ੇਰ ਸਿੰਘ ਈਸ਼ਾਪੁਰ ਲੰਡਾ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਨਿਰਮਲ ਸਿੰਘ ਬਟੜਿਆਣਾ, ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਜ਼ਿਲ੍ਹਾ ਆਗੂ ਨਿਰੰਜਨ ਸਿੰਘ ਸਫੀਪੁਰ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਊਧਮ ਸਿੰਘ ਸੰਤੋਖਪੁਰਾ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਆਗੂ ਇੰਦਰਪਾਲ ਸਿੰਘ ਪੁੰਨਾਂਵਾਲ ਨੇ ਦੱਸਿਆ ਕਿ ਪੰਜਾਬ ਅਤੇ ਕੇਂਦਰ ਸਰਕਾਰ ਲਗਾਤਾਰ ਪੰਜਾਬ ਦੇ ਮਸਲਿਆਂ ਨੂੰ ਅਣਗੌਲੇ ਕਰ ਰਹੀ ਹੈ। ਪੰਜਾਬ ਦੇ ਦਰਿਆਈ ਪਾਣੀਆਂ ਦਾ ਹੱਕ ਪੰਜਾਬੀਆਂ ਦਾ ਹੈ ਇਹ ਪੰਜਾਬ ਦੇ ਹਰੇਕ ਖੇਤ ਤੱਕ ਪਹੁੰਚਦਾ ਕਰਨ, ਬਿਜਲੀ ਬਿੱਲ 25 ਰੱਦ ਕਰਕੇ ਸਮਾਰਟ ਮੀਟਰ ਲਾਉਣੇ ਬੰਦ ਕਰਨ, ਕਿਸਾਨਾਂ ਦੀ ਕਰਜ਼ਾ ਮੁਕਤੀ, ਭਾਰਤ ਅਮਰੀਕਾ ਕਰ ਮੁਕਤ ਸਮਝੌਤਾ ਰੱਦ ਕਰਨ ਸਮੇਤ ਬਾਕੀ ਕਿਸਾਨੀ ਮੰਗਾਂ ਨੂੰ ਲੈ ਕੇ ਪੂਰੇ ਪੰਜਾਬ ਭਰ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਜ਼ਿਲ੍ਹਾ ਕੇਂਦਰਾਂ ਤੇ ਧਰਨੇ ਦਿੱਤੇ ਜਾਣੇ ਹਨ ਜਿਸ ਤਹਿਤ ਸੰਗਰੂਰ ਵਿਖੇ ਵੀ ਇਹ ਧਰਨਾ ਦਿੱਤਾ ਜਾਵੇਗਾ।

ਅੱਜ ਦੀ ਮੀਟਿੰਗ ਵਿੱਚ ਵੱਖ-ਵੱਖ ਜਥੇਬੰਦੀਆਂ ਦੀ ਪ੍ਰਬੰਧਾਂ ਦੀ ਡਿਊਟੀ ਲਾਈ ਗਈ ਤੇ ਪਿੰਡਾਂ ਵਿੱਚ ਕਿਸਾਨਾਂ ਨੂੰ ਜਾਗਰੂਕ ਕਰਕੇ ਧਰਨੇ ਵਿੱਚ ਸਮੂਲੀਅਤ ਕਰਵਾਉਣ ਦਾ ਫੈਸਲਾ ਕੀਤਾ ਗਿਆ।

ਅੱਜ ਦੀ ਇਸ ਧਰਨੇ ਸਬੰਧੀ ਕੀਤੀ ਮੀਟਿੰਗ ਵਿੱਚ ਕਿਸਾਨ ਆਗੂ ਹਰਜੀਤ ਸਿੰਘ ਜਲਾਣ, ਜਰਨੈਲ ਸਿੰਘ ਜਹਾਂਗੀਰ, ਗੁਰਤੇਜ ਸਿੰਘ ਦੁੱਗਾ, ਪ੍ਰੀਤਮ ਸਿੰਘ ਬਡਰੁੱਖਾਂ, ਬਹਾਦਰ ਸਿੰਘ ਦੁੱਗਾਂ, ਬਲਵਿੰਦਰ ਸਿੰਘ ਘਨੌੜ, ਰਾਮ ਸਿੰਘ ਸਮੂਰਾਂ ਸਮੇਤ ਕਿਸਾਨ ਆਗੂ ਹਾਜ਼ਰ ਸਨ।


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations (traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107




ਡਾ. ਸਤਿਆਵਾਨ ਸੌਰਭ,
ਕਵੀ, ਫ੍ਰੀਲਾਂਸ ਪੱਤਰਕਾਰ
ਬਰਵਾ (ਸਿਵਾਨੀ) ਭਿਵਾਨੀ,
9466526148,01255281381

# ਡਾ. ਪ੍ਰਿਯੰਕਾ ਸੌਰਭ ਦੀਆਂ ਬਾਲ ਕਵਿਤਾਵਾਂ ਦੀਆਂ ਕਿਤਾਬਾਂ: "ਬੱਚਿਆਂ ਦੀ ਦੁਨੀਆਂ ਅਤੇ ਪਰੀਆਂ ਦੇ ਸੰਵਾਦ"- ਦਿਲਚਸਪੀ, ਗਿਆਨ ਅਤੇ ਨੈਤਿਕਤਾ ਦਾ ਸੁਮੇਲ

ਡਾ. ਪ੍ਰਿਯੰਕਾ ਸੌਰਭ ਹਰਿਆਣਾ ਸਿੱਖਿਆ ਵਿਭਾਗ ਵਿੱਚ ਰਾਜਨੀਤੀ ਸ਼ਾਸਤਰ ਵਿੱਚ ਪੀਜੀਟੀ ਲੈਕਚਰਾਰ ਹਨ ਅਤੇ ਰਾਜਨੀਤੀ ਸ਼ਾਸਤਰ ਵਿੱਚ ਪੀਐਚਡੀ ਕੀਤੀ ਹੈ। ਉਨ੍ਹਾਂ ਦੀਆਂ ਬੱਚਿਆਂ ਦੀਆਂ ਕਵਿਤਾਵਾਂ ਦੀਆਂ ਕਿਤਾਬਾਂ, "ਚਿਲਡਰਨਜ਼ ਵਰਲਡ ਐਂਡ ਫੇਅਰੀ ਟੇਲਜ਼", ਬੱਚਿਆਂ ਲਈ ਬਹੁਤ ਹੀ ਦਿਲਚਸਪ ਅਤੇ ਜਾਣਕਾਰੀ ਭਰਪੂਰ ਹਨ। ਇਹ ਕਾਵਿ ਸੰਗ੍ਰਹਿ ਬੱਚਿਆਂ ਦੇ ਮਨਾਂ ਦੀ ਮਾਸੂਮੀਅਤ ਨੂੰ ਜਾਦੂਈ ਪਰੀ ਕਹਾਣੀ ਸੰਵਾਦਾਂ ਨਾਲ ਸ਼ਿੰਗਾਰੇ ਹਨ, ਨੈਤਿਕ ਸਬਕ ਦਿੰਦੇ ਹਨ ਅਤੇ ਕਲਪਨਾ ਨੂੰ ਜਗਾਉਂਦੇ ਹਨ।

ਲੇਖਕ ਦਾ ਸੰਖੇਪ ਜਾਣ-ਪਛਾਣ

ਡਾ. ਪ੍ਰਿਯੰਕਾ ਸੌਰਭ ਹਰਿਆਣਾ ਦੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਰਾਜਨੀਤਿਕ ਸਿਧਾਂਤ, ਲੋਕਤੰਤਰ ਅਤੇ ਸ਼ਾਸਨ ਸਿਖਾਉਂਦੀ ਹੈ। ਉਸਦੀ ਅਕਾਦਮਿਕ ਪਿਛੋਕੜ ਉਸਨੂੰ ਬਾਲ ਸਾਹਿਤ ਦੀ ਡੂੰਘੀ ਸਮਝ ਪ੍ਰਦਾਨ ਕਰਦੀ ਹੈ। ਰਾਜਨੀਤੀ ਵਿਗਿਆਨ ਦੀ ਵਿਦਵਾਨ ਹੋਣ ਦੇ ਬਾਵਜੂਦ, ਉਹ ਬੱਚਿਆਂ ਨੂੰ ਸੇਵਾ, ਸਮਾਜਿਕ ਨਿਆਂ ਅਤੇ ਵਾਤਾਵਰਣ ਸੁਰੱਖਿਆ ਵਰਗੇ ਮੁੱਲਾਂ ਨੂੰ ਸਰਲ ਕਵਿਤਾਵਾਂ ਰਾਹੀਂ ਸਿਖਾਉਂਦੀ ਹੈ। "ਪਰੀਆਂ ਨਾਲ ਸੰਵਾਦ" ਅਤੇ "ਚਿਲਡਰਨਜ਼ ਵਰਲਡ" ਵਰਗੀਆਂ ਰਚਨਾਵਾਂ ਉਸਦੀ ਬਹੁਪੱਖੀਤਾ ਦਾ ਪ੍ਰਮਾਣ ਹਨ। ਹਰਿਆਣਾ ਦਾ ਸੱਭਿਆਚਾਰਕ ਪਿਛੋਕੜ ਇਹਨਾਂ ਕਵਿਤਾਵਾਂ ਵਿੱਚ ਝਲਕਦਾ ਹੈ, ਜਿਵੇਂ ਕਿ ਸਰ੍ਹੋਂ ਦੇ ਖੇਤਾਂ ਉੱਤੇ ਉੱਡਦੀਆਂ ਪਰੀਆਂ। ਸਿੱਖਿਆ ਅਤੇ ਸਾਹਿਤ ਦੇ ਇਸ ਸੰਗਮ ਨੇ ਉਸਨੂੰ ਇੱਕ ਨੌਜਵਾਨ ਲੇਖਕ ਵਜੋਂ ਮਾਨਤਾ ਦਿੱਤੀ ਹੈ।

ਕਿਤਾਬਾਂ ਦਾ ਸਾਰ

"ਪਰੀ ਸੇ ਸੰਵਾਦ" ਵਿੱਚ 60 ਬਾਲ ਕਵਿਤਾਵਾਂ ਹਨ ਜੋ ਪਰੀਆਂ ਵਿਚਕਾਰ ਸੰਵਾਦਾਂ ਵਿੱਚ ਬੁਣੀਆਂ ਗਈਆਂ ਹਨ। ਹਰੇਕ ਕਵਿਤਾ ਬੱਚੇ ਦੇ ਰੋਜ਼ਾਨਾ ਜੀਵਨ ਦੇ ਸਵਾਲਾਂ ਦੇ ਜਵਾਬ ਦਿੰਦੀ ਹੈ - ਦੋਸਤੀ, ਇਮਾਨਦਾਰੀ, ਕੁਦਰਤ ਲਈ ਪਿਆਰ, ਆਦਿ। "ਬੱਚੋਂ ਕੀ ਦੂਨੀਆ" ਵਿੱਚ 70 ਛੋਟੀਆਂ ਕਵਿਤਾਵਾਂ ਹਨ, ਹਰੇਕ 16 ਲਾਈਨਾਂ, ਬਚਪਨ ਦੀਆਂ ਖੇਡਾਂ, ਤਿਉਹਾਰਾਂ ਅਤੇ ਮਾਸੂਮ ਸਵਾਲਾਂ 'ਤੇ ਕੇਂਦ੍ਰਿਤ ਹਨ। ਦੋਵੇਂ ਸੰਗ੍ਰਹਿ ਸਧਾਰਨ ਹਿੰਦੀ ਵਿੱਚ ਲਿਖੇ ਗਏ ਹਨ। ਫੋਟਹਿ.ਚੋਮ 'ਤੇ ਉਪਲਬਧ, ਇਹ ਕਿਤਾਬਾਂ 5 ਤੋਂ 12 ਸਾਲ ਦੀ ਉਮਰ ਦੇ ਬੱਚਿਆਂ ਲਈ ਆਦਰਸ਼ ਹਨ। ਸਥਾਨਕ ਲੋਕ-ਕਥਾਵਾਂ 'ਤੇ ਆਧਾਰਿਤ ਪਰੀ ਕਹਾਣੀਆਂ ਉਨ੍ਹਾਂ ਨੂੰ ਹਰਿਆਣਾ ਦੇ ਪੇਂਡੂ ਬੱਚਿਆਂ ਨਾਲ ਜੋੜਦੀਆਂ ਹਨ। ਕੁੱਲ ਮਿਲਾ ਕੇ, ਇਹ ਕਵਿਤਾ ਸੰਗ੍ਰਹਿ ਹਕੀਕਤ ਅਤੇ ਕਲਪਨਾ ਵਿਚਕਾਰ ਇੱਕ ਸੁੰਦਰ ਪੁਲ ਹਨ।

ਭਾਸ਼ਾ ਸ਼ੈਲੀ ਅਤੇ ਪੇਸ਼ਕਾਰੀ

ਭਾਸ਼ਾ ਬਹੁਤ ਹੀ ਸਰਲ, ਤਾਲਬੱਧ ਅਤੇ ਸੰਗੀਤਮਈ ਹੈ। ਛੋਟੇ ਵਾਕ ਬੱਚਿਆਂ ਨੂੰ ਆਸਾਨੀ ਨਾਲ ਪਸੰਦ ਆਉਂਦੇ ਹਨ। ਪਰੀ ਕਹਾਣੀਆਂ ਦਾ ਸੰਵਾਦ ਜੀਵੰਤ ਹੈ, ਜਿਵੇਂ ਕਿ "ਹੇ ਛੋਟੇ ਬੱਚੇ, ਪਰੀਆਂ ਝੂਠ ਤੋਂ ਭੱਜਦੀਆਂ ਹਨ।" ਤੁਕਾਂਤ ਅਤੇ ਵਾਕਾਂਸ਼ਾਂ ਦੀ ਵਰਤੋਂ ਕਵਿਤਾਵਾਂ ਨੂੰ ਗੀਤਕਾਰੀ ਬਣਾਉਂਦੀ ਹੈ। ਪਰੀ ਕਹਾਣੀਆਂ ਵਿੱਚ ਰਾਜਨੀਤਿਕ ਸੰਕਲਪਾਂ ਨੂੰ ਸਰਲ ਬਣਾਇਆ ਗਿਆ ਹੈ - ਲੋਕਤੰਤਰ ਨੂੰ "ਸਾਰੀਆਂ ਪਰੀਆਂ ਦਾ ਸਮੂਹਿਕ ਫੈਸਲਾ" ਵਜੋਂ ਦਰਸਾਇਆ ਗਿਆ ਹੈ। ਸ਼ਬਦ ਚਿੱਤਰ ਇੰਨੇ ਸ਼ਕਤੀਸ਼ਾਲੀ ਹਨ ਕਿ ਦ੍ਰਿਸ਼ਟਾਂਤਾਂ ਦੀ ਜ਼ਰੂਰਤ ਬਹੁਤ ਘੱਟ ਹੈ। 50-60 ਲਾਈਨਾਂ ਦੀਆਂ ਕਿਤਾਬਾਂ ਇੱਕ ਬੈਠਕ ਵਿੱਚ ਪੜ੍ਹੀਆਂ ਜਾ ਸਕਦੀਆਂ ਹਨ। ਇਹ ਸ਼ੈਲੀ ਹਿੰਦੀ ਬਾਲ ਕਵਿਤਾ ਦੀ ਸ਼ਾਨਦਾਰ ਪਰੰਪਰਾ ਨੂੰ ਮਜ਼ਬੂਤ ਕਰਦੀ ਹੈ। ਵਿਆਕਰਣ ਸਹੀ ਹੈ ਅਤੇ ਉਚਾਰਨ ਆਸਾਨ ਹੈ।

ਵਿਦਿਅਕ ਅਤੇ ਨੈਤਿਕ ਕਦਰਾਂ-ਕੀਮਤਾਂ

ਹਰਿਆਣਾ ਸਿੱਖਿਆ ਵਿਭਾਗ ਦੀ ਇੱਕ ਅਧਿਕਾਰੀ ਹੋਣ ਦੇ ਨਾਤੇ, ਡਾ. ਪ੍ਰਿਯੰਕਾ ਨੇ ਇਹਨਾਂ ਕਵਿਤਾਵਾਂ ਵਿੱਚ ਪਾਠਕ੍ਰਮ ਮੁੱਲਾਂ ਨੂੰ ਬੁਣਿਆ ਹੈ। ਵਾਤਾਵਰਣ ਜਾਗਰੂਕਤਾ"ਕੁਦਰਤ ਮਾਂ ਹੈ, ਉਸਨੂੰ ਪਿਆਰ ਕਰੋ" ਲਿੰਗ ਸਮਾਨਤਾ ਅਤੇ ਸਮਾਜਿਕ ਸਦਭਾਵਨਾ ਮੁੱਖ ਹਨ। ਬੱਚੇ ਭਾਗੀਦਾਰੀ ਅਤੇ ਅਗਵਾਈ ਸਿੱਖਦੇ ਹਨ। ਸਕੂਲਾਂ ਵਿੱਚ ਨੈਤਿਕ ਸਿੱਖਿਆ ਜਾਂ ਸੌਣ ਦੇ ਸਮੇਂ ਦੀਆਂ ਕਹਾਣੀਆਂ ਲਈ ਉਪਯੋਗੀ। ਇਹ ਕਵਿਤਾਵਾਂ ਭਾਵਨਾਤਮਕ ਬੁੱਧੀ ਵਿਕਸਤ ਕਰਦੀਆਂ ਹਨ ਅਤੇ ਉਤਸੁਕਤਾ ਨੂੰ ਜਗਾਉਂਦੀਆਂ ਹਨ। ਰਾਜਨੀਤੀ ਵਿਗਿਆਨ ਵਿੱਚ ਉਸਦੀ ਮੁਹਾਰਤ "ਰਾਜਨੀਤੀ ਸੇਵਾ ਹੈ, ਸਵੈ-ਹਿੱਤ ਨਹੀਂ" ਵਰਗੇ ਸੰਦੇਸ਼ਾਂ ਵਿੱਚ ਸਪੱਸ਼ਟ ਹੈ। ਇਹ ਕਿਤਾਬਾਂ ਹਰਿਆਣਾ ਦੇ ਸਰਕਾਰੀ ਸਕੂਲ ਮੁਹਿੰਮਾਂ ਲਈ ਆਦਰਸ਼ ਹਨ। ਇਹ ਬੱਚਿਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਵਿੱਚ ਮਦਦ ਕਰਦੀਆਂ ਹਨ।




ਦਿਲਚਸਪੀ, ਆਕਰਸ਼ਣ ਅਤੇ ਪ੍ਰਭਾਵ

ਇਹਨਾਂ ਕਵਿਤਾਵਾਂ ਨੂੰ ਆਪਣੇ ਦਿਲਚਸਪ ਸੁਭਾਅ ਲਈ ਉੱਚ ਅੰਕ ਮਿਲਦੇ ਹਨ। ਬੱਚੇ ਪਰੀ ਕਹਾਣੀ ਦੇ ਜਾਦੂ ਤੋਂ ਮੋਹਿਤ ਹੁੰਦੇ ਹਨ, ਜਦੋਂ ਕਿ ਬਾਲਗ ਇਸਦੇ ਨੈਤਿਕ ਸੰਦੇਸ਼ਾਂ ਤੋਂ ਪ੍ਰਭਾਵਿਤ ਹੁੰਦੇ ਹਨ। ਬੱਚੇ ਪੜ੍ਹਨ ਤੋਂ ਬਾਅਦ ਸਵਾਲ ਪੁੱਛਦੇ ਹਨ, ਸੰਵਾਦ ਨੂੰ ਭੜਕਾਉਂਦੇ ਹਨ। ਇਹ ਦੁਰਲੱਭ ਰਚਨਾਵਾਂ ਹਨ ਜੋ ਡਿਜੀਟਲ ਯੁੱਗ ਵਿੱਚ ਪਾਠਕਾਂ ਨੂੰ ਕਿਤਾਬਾਂ ਨਾਲ ਜੋੜਦੀਆਂ ਹਨ। "ਖੇਤਾਂ ਵਿੱਚ ਉੱਡਦੇ ਪਤੰਗ" ਵਰਗੇ ਹਰਿਆਣਵੀ ਹਵਾਲੇ ਇੱਕ ਸਥਾਨਕ ਛੋਹ ਪ੍ਰਦਾਨ ਕਰਦੇ ਹਨ। ਪ੍ਰਭਾਵ ਲੰਬੇ ਸਮੇਂ ਤੱਕ ਚੱਲਣ ਵਾਲਾ ਹੁੰਦਾ ਹੈ ਇਹ ਬੱਚਿਆਂ ਦੀ ਕਲਪਨਾ ਅਤੇ ਕਦਰਾਂ-ਕੀਮਤਾਂ ਦੀ ਭਾਵਨਾ ਨੂੰ ਜਗਾਉਂਦਾ ਹੈ। ਮਾਪੇ ਅਤੇ ਕਲਾਸਰੂਮ ਅਧਿਆਪਕ ਇਹਨਾਂ ਨੂੰ ਭਰੋਸੇ ਨਾਲ ਵਰਤ ਸਕਦੇ ਹਨ। ਇੱਕੋ ਇੱਕ ਕਮਜ਼ੋਰੀ: ਭਾਸ਼ਾ ਕੁਝ ਥਾਵਾਂ 'ਤੇ ਥੋੜ੍ਹੀ ਰਸਮੀ ਹੈ, ਪਰ ਬਾਲ ਸਾਹਿਤ ਵਿੱਚ ਕੁਦਰਤੀ ਹੈ।

ਸਮੁੱਚਾ ਮੁਲਾਂਕਣ ਅਤੇ ਸਿਫਾਰਸ਼

ਡਾ. ਪ੍ਰਿਯੰਕਾ ਸੌਰਭ ਦੁਆਰਾ ਲਿਖੀਆਂ ਇਹ ਬਾਲ ਕਵਿਤਾਵਾਂ ਦੀਆਂ ਕਿਤਾਬਾਂ ਹਿੰਦੀ ਸਾਹਿਤ ਦਾ ਖਜ਼ਾਨਾ ਹਨ। ਸਿੱਖਿਆ, ਰਾਜਨੀਤੀ, ਵਿਗਿਆਨ ਅਤੇ ਸਾਹਿਤ ਦਾ ਇੱਕ ਵਿਲੱਖਣ ਮਿਸ਼ਰਣ। 10/10 ਅੰਕ। ਹਰੇਕ ਮਾਤਾ-ਪਿਤਾ, ਅਧਿਆਪਕ ਅਤੇ ਕਿਤਾਬ ਪ੍ਰੇਮੀ ਨੂੰ ਇਹ ਖਰੀਦਣੇ ਚਾਹੀਦੇ ਹਨ। ਬੱਚਿਆਂ ਲਈ ਲਾਜ਼ਮੀ ਪੜ੍ਹਨਾ। ਪ੍ਰਿਯੰਕਾ ਨੂੰ ਦਿਲੋਂ ਵਧਾਈਆਂ ਅਜਿਹੀਆਂ ਰਚਨਾਵਾਂ ਹਿੰਦੀ ਬਾਲ ਕਵਿਤਾ ਨੂੰ ਅਮੀਰ ਬਣਾ ਰਹੀਆਂ ਹਨ। ਉਹ ਹਰਿਆਣਾ ਦੀ ਸਿੱਖਿਆ ਨੂੰ ਮਾਣ ਦਿਵਾਉਂਦੀ ਹੈ।







Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਸਮੇਂ ਵਿੱਚ ਗੁਆਚਿਆ:ਭਾਰਤੀ ਜੋੜੀ ਦੇ ਪਿੱਛੇ ਜੀਵਾਨੂ ਨੇ ਮੁੜ ਕਲਪਨਾ ਕੀਤੀ

ਇਤਿਹਾਸ ਅਕਸਰ ਮਹਾਨ ਖੋਜਾਂ ਦਾ ਜਸ਼ਨ ਮਨਾਉਂਦਾ ਹੈ, ਪਰ ਕਈ ਵਾਰ ਉਹਨਾਂ ਦੇ ਪਿੱਛੇ ਦਿਮਾਗ ਨੂੰ ਭੁੱਲ ਜਾਂਦਾ ਹੈ। ਇਹ ਇੱਕ ਭਾਰਤੀ ਵਿਗਿਆਨੀ ਜੋੜੇ ਦੀ ਕਹਾਣੀ ਹੈ ਜਿਨ੍ਹਾਂ ਦੇ "ਜੀਵਾਨੂ ਜ਼ਬੂਰ" 'ਤੇ ਪਾਇਨੀਅਰਿੰਗ ਕੰਮ ਨੇ ਇੱਕ ਵਾਰ ਵਿਗਿਆਨਕ ਸੰਸਾਰ ਵਿੱਚ ਉਤਸੁਕਤਾ ਪੈਦਾ ਕੀਤੀ ਸੀ ਪਰ ਹੌਲੀ-ਹੌਲੀ ਅਸਪਸ਼ਟ ਹੋ ਗਿਆ। ਅੱਜ, ਨਵੀਆਂ ਖੋਜਾਂ ਅਤੇ ਦਿਲਚਸਪੀ ਦੇ ਨਾਲ, ਉਨ੍ਹਾਂ ਦੇ ਕੰਮ 'ਤੇ ਮੁੜ ਵਿਚਾਰ ਕੀਤਾ ਜਾ ਰਿਹਾ ਹੈ ਜੋ ਨਾ ਸਿਰਫ਼ ਅਤੀਤ ਦੀ ਝਲਕ ਪੇਸ਼ ਕਰਦਾ ਹੈ, ਸਗੋਂ ਭਵਿੱਖ ਲਈ ਨਵੀਆਂ ਸੰਭਾਵਨਾਵਾਂ ਵੀ ਪ੍ਰਦਾਨ ਕਰਦਾ ਹੈ।

20ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿੱਚ, ਇਸ ਭਾਰਤੀ ਜੋੜੇ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਸੂਖਮ ਜੀਵਨ ਵਰਗੀਆਂ ਸੰਸਥਾਵਾਂ ਬਣਾਈਆਂ ਹਨ, ਜਿਨ੍ਹਾਂ ਦਾ ਨਾਮ 'ਜੀਵਾਨੂ' ਰੱਖਿਆ ਗਿਆ ਸੀ, ਜਿਸਦਾ ਅਰਥ ਹੈ 'ਜੀਵਿਤ ਕਣ' ਉਨ੍ਹਾਂ ਦੇ ਕੰਮ ਨੇ ਸੁਝਾਅ ਦਿੱਤਾ ਕਿ ਜੀਵਨ ਨੂੰ ਕੁਝ ਸ਼ਰਤਾਂ ਅਧੀਨ ਗੈਰ-ਜੀਵਿਤ ਸਮੱਗਰੀ ਤੋਂ ਸਿੰਥੇਸਾਈਜ਼ ਕੀਤਾ ਜਾ ਸਕਦਾ ਹੈ ਇੱਕ ਵਿਚਾਰ ਜੋ ਸਮੇਂ ਦੀ ਰਵਾਇਤੀ ਜੈਵਿਕ ਸਮਝ ਨੂੰ ਚੁਣੌਤੀ ਦਿੰਦਾ ਹੈ। ਜਦੋਂ ਕਿ ਉਨ੍ਹਾਂ ਦੇ ਦਾਅਵਿਆਂ ਨੂੰ ਸ਼ੌਕ ਅਤੇ ਸੰਦੇਹ ਦੋਵਾਂ ਨਾਲ ਪੂਰਾ ਕੀਤਾ ਗਿਆ ਸੀ, ਉਨ੍ਹਾਂ ਨੇ ਬਿਨਾਂ ਸ਼ੱਕ ਵਿਗਿਆਨ ਦੇ ਸਭ ਤੋਂ ਡੂੰਘੇ ਸਵਾਲਾਂ ਵਿੱਚੋਂ ਇੱਕ 'ਤੇ ਬਹਿਸ ਸ਼ੁਰੂ ਕਰ ਦਿੱਤੀ: ਜੀਵਨ ਕੀ ਹੈ, ਅਤੇ ਇਹ ਕਿਵੇਂ ਪੈਦਾ ਹੁੰਦਾ ਹੈ?

ਆਪਣੀ ਖੋਜ ਦੀ ਦਲੇਰੀ ਦੇ ਬਾਵਜੂਦ, ਜੋੜੇ ਨੇ ਸਥਾਈ ਮਾਨਤਾ ਪ੍ਰਾਪਤ ਕਰਨ ਲਈ ਸੰਘਰਸ਼ ਕੀਤਾ। ਸੀਮਤ ਵਿਗਿਆਨਕ ਬੁਨਿਆਦੀ ਢਾਂਚੇ, ਬਸਤੀਵਾਦੀ-ਯੁੱਗ ਦੇ ਪੱਖਪਾਤ, ਅਤੇ ਭਾਰਤੀ ਵਿਗਿਆਨੀਆਂ ਲਈ ਗਲੋਬਲ ਦਿੱਖ ਦੀ ਘਾਟ ਨੇ ਉਨ੍ਹਾਂ ਦੇ ਕੰਮ ਨੂੰ ਪਾਸੇ ਕਰ ਦਿੱਤਾ। ਸਮੇਂ ਦੇ ਨਾਲ, ਉਨ੍ਹਾਂ ਦੇ ਯੋਗਦਾਨ ਨੂੰ ਵੱਡੇ ਪੱਧਰ 'ਤੇ ਭੁੱਲ ਗਿਆ, ਆਧੁਨਿਕ ਜੀਵ ਵਿਗਿਆਨ ਅਤੇ ਰਸਾਇਣ ਵਿਗਿਆਨ ਵਿੱਚ ਵਿਕਾਸ ਦੁਆਰਾ ਪਰਛਾਵੇਂ ਹੋ ਗਏ। ਹਾਲਾਂਕਿ, ਵਿਗਿਆਨ ਕੋਲ ਆਪਣੀਆਂ ਅਧੂਰੀਆਂ ਕਹਾਣੀਆਂ ਨੂੰ ਮੁੜ ਵਿਚਾਰਨ ਦਾ ਇੱਕ ਤਰੀਕਾ ਹੈ। ਹਾਲ ਹੀ ਦੇ ਅਧਿਐਨਾਂ ਨੇ ਆਧੁਨਿਕ ਤਕਨਾਲੋਜੀ ਦੇ ਲੈਂਸ ਰਾਹੀਂ ਜੀਵਾਨੂ 20 ਦੀ ਧਾਰਨਾ ਦੀ ਮੁੜ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਸਿੰਥੈਟਿਕ ਜੀਵ ਵਿਗਿਆਨ, ਨੈਨੋਟੈਕਨਾਲੋਜੀ ਅਤੇ ਅਣੂ ਰਸਾਇਣ ਵਿੱਚ ਤਰੱਕੀ ਦੇ ਨਾਲ, ਖੋਜਕਰਤਾ ਹੁਣ ਇਹ ਜਾਂਚ ਕਰਨ ਲਈ ਬਿਹਤਰ ਢੰਗ ਨਾਲ ਤਿਆਰ ਹਨ ਕਿ ਕੀ ਅਜਿਹੇ ਜੀਵਨ ਵਰਗੇ ਢਾਂਚੇ ਅਸਲ ਵਿੱਚ ਮੌਜੂਦ ਹੋ ਸਕਦੇ ਹਨ। ਜਦੋਂ ਕਿ ਸਮਕਾਲੀ ਵਿਗਿਆਨ ਇਨ੍ਹਾਂ ਦਾਅਵਿਆਂ ਨੂੰ ਸਾਵਧਾਨੀ ਨਾਲ ਪੇਸ਼ ਕਰਦਾ ਹੈ, ਇਹ ਵੀ ਮੰਨਦਾ ਹੈ ਕਿ ਸ਼ੁਰੂਆਤੀ ਗੈਰ-ਰਵਾਇਤੀ ਵਿਚਾਰ ਅਕਸਰ ਭਵਿੱਖ ਦੀਆਂ ਸਫਲਤਾਵਾਂ ਲਈ ਰਾਹ ਪੱਧਰਾ ਕਰਦੇ ਹਨ।

ਜੀਵਨੂ ਵਿੱਚ ਦਿਲਚਸਪੀ ਦਾ ਮੁੜ ਸੁਰਜੀਤ ਹੋਣਾ ਸਿਰਫ਼ ਪਿਛਲੇ ਦਾਅਵੇ ਨੂੰ ਪ੍ਰਮਾਣਿਤ ਕਰਨ ਬਾਰੇ ਨਹੀਂ ਹੈ। ਇਹ ਵਿਗਿਆਨ ਦੇ ਇਤਿਹਾਸ ਵਿੱਚ ਇੱਕ ਗੁਆਚੇ ਹੋਏ ਅਧਿਆਏ ਨੂੰ ਬਹਾਲ ਕਰਨ ਬਾਰੇ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਨਵੀਨਤਾ ਭੂਗੋਲ ਦੁਆਰਾ ਸੀਮਤ ਨਹੀਂ ਹੈ, ਅਤੇ ਬਹੁਤ ਸਾਰੇ ਸ਼ਾਨਦਾਰ ਵਿਚਾਰਾਂ ਨੂੰ ਵਿਗਿਆਨਕ ਯੋਗਤਾ ਤੋਂ ਪਰੇ ਹਾਲਾਤਾਂ ਕਾਰਨ ਨਜ਼ਰਅੰਦਾਜ਼ ਕੀਤਾ ਗਿਆ ਹੋ ਸਕਦਾ ਹੈ।

ਅਜਿਹੇ ਯੋਗਦਾਨ ਨੂੰ ਮਾਨਤਾ ਦੇਣ ਨਾਲ ਗਲੋਬਲ ਵਿਗਿਆਨਕ ਤਰੱਕੀ ਦਾ ਵਧੇਰੇ ਸੰਮਲਿਤ ਅਤੇ ਸਹੀ ਬਿਰਤਾਂਤ ਬਣਾਉਣ ਵਿੱਚ ਮਦਦ ਮਿਲਦੀ ਹੈ।

ਇਸ ਤੋਂ ਇਲਾਵਾ, ਇਹ ਕਹਾਣੀ ਇੱਕ ਵਿਸ਼ਾਲ ਸੰਦੇਸ਼ ਦਿੰਦੀ ਹੈ। ਇਹ ਵਿਗਿਆਨਕ ਉਤਸੁਕਤਾ ਨੂੰ ਸੁਰੱਖਿਅਤ ਰੱਖਣ, ਸੁਤੰਤਰ ਸੋਚ ਨੂੰ ਉਤਸ਼ਾਹਿਤ ਕਰਨ ਅਤੇ ਦੁਨੀਆ ਭਰ ਦੇ ਖੋਜਕਰਤਾਵਾਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ। ਇਸ ਭੁੱਲ ਗਏ ਭਾਰਤੀ ਜੋੜੇ ਦੀ ਯਾਤਰਾ ਪ੍ਰੇਰਨਾ ਅਤੇ ਸਾਵਧਾਨੀ ਦੋਵਾਂ ਵਜੋਂ ਕੰਮ ਕਰਦੀ ਹੈ।

ਇਹ ਦਰਸਾਉਂਦੀ ਹੈ ਕਿ ਕੀਮਤੀ ਗਿਆਨ ਕਿੰਨੀ ਆਸਾਨੀ ਨਾਲ ਗੁਆਇਆ ਜਾ ਸਕਦਾ ਹੈ, ਅਤੇ ਵਿਗਿਆਨਕ ਜਾਂਚ ਨੂੰ ਦਸਤਾਵੇਜ਼ੀ ਰੂਪ ਦੇਣਾ ਅਤੇ ਸਮਰਥਨ ਕਰਨਾ ਕਿੰਨਾ ਮਹੱਤਵਪੂਰਨ ਹੈ।ਜਿਵੇਂ ਕਿ ਜੀਵਾਨੂ ਗੱਲਬਾਤ ਵਿੱਚ ਵਾਪਸ ਆਉਂਦਾ ਹੈ, ਇਹ ਅਤੀਤ ਦੀ ਕਲਪਨਾ ਅਤੇ ਮੌਜੂਦਾ ਖੋਜ ਵਿਚਕਾਰ ਪਾੜੇ ਨੂੰ ਪੂਰਾ ਕਰਦਾ ਹੈ। ਭਾਵੇਂ ਉਨ੍ਹਾਂ ਦੇ ਦਾਅਵੇ ਆਖਰਕਾਰ ਸਾਬਤ ਹੋਣ ਜਾਂ ਨਾ ਹੋਣ, ਇਸ ਭਾਰਤੀ ਵਿਗਿਆਨੀ ਜੋੜੇ ਦੀ ਹਿੰਮਤ ਅਤੇ ਦ੍ਰਿਸ਼ਟੀ ਮਾਨਤਾ ਦਾ ਹੱਕਦਾਰ ਹੈ। ਉਨ੍ਹਾਂ ਦੀ ਕਹਾਣੀ, ਜੋ ਕਦੇ ਸਮੇਂ ਵਿੱਚ ਗੁਆਚ ਗਈ ਸੀ, ਹੁਣ ਮੁੜ ਕਲਪਨਾ ਕੀਤੀ ਜਾ ਰਹੀ ਹੈ - ਸਿਰਫ਼ ਇੱਕ ਇਤਿਹਾਸਕ ਉਤਸੁਕਤਾ ਵਜੋਂ ਨਹੀਂ, ਸਗੋਂ ਜੀਵਨ ਨੂੰ ਸਮਝਣ ਲਈ ਸਥਾਈ ਮਨੁੱਖੀ ਖੋਜ ਦੇ ਪ੍ਰਤੀਕ ਵਜੋਂ।






# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841
+1-917-915-4142
FREMONT, CA
3155 KEARNEY ST, SUITE #248, FREMONT, CA 94538
+1-510-657-6444
NEW YORK, NY
108-14 JAMAICA AVENUE, RICHMOND HILL, NY 11418
+1-718-533-8444
FRESNO, CA
1625 E SHAW AVE #122, FRESNO, CA 93711
+1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820
+1-732-453-6699
LOS ANGELES, CA
1013 N BEGONIA AVE, ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਆਟੋਇਮਿਊਨ ਹਮਲਾ



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

ਮਨੁੱਖੀ ਸਰੀਰ ਦਾ ਰੋਗ-ਪ੍ਰਤੀਰੋਧਕ ਤੰਤਰ ਸਰੀਰ ਨੂੰ ਬੈਕਟੀਰੀਆ, ਵਾਇਰਸ, ਫੰਗਸ ਅਤੇ ਹੋਰ ਹਾਨੀਕਾਰਕ ਤੱਤਾਂ ਤੋਂ ਬਚਾਉਣ ਲਈ ਬਣਿਆ ਹੈ। ਆਮ ਤੌਰ ’ਤੇ ਇਹ ਤੰਤਰ ਬਾਹਰੀ ਦੁਸ਼ਮਣਾਂ ਅਤੇ ਸਰੀਰ ਦੀਆਂ ਆਪਣੀਆਂ ਕੋਸ਼ਿਕਾਵਾਂ ਵਿੱਚ ਸਹੀ ਫਰਕ ਕਰ ਸਕਦਾ ਹੈ।

ਪਰ ਕਈ ਵਾਰ ਇਹ ਪ੍ਰਣਾਲੀ ਗਲਤੀ ਨਾਲ ਸਰੀਰ ਦੀਆਂ ਆਪਣੀਆਂ ਹੀ ਕੋਸ਼ਿਕਾਵਾਂ, ਟਿਸ਼ੂਆਂ ਜਾਂ ਅੰਗਾਂ ਨੂੰ ਦੁਸ਼ਮਣ ਸਮਝ ਲੈਂਦੀ ਹੈ ਅਤੇ ਉਨ੍ਹਾਂ ਉੱਤੇ ਹਮਲਾ ਕਰਨਾ ਸ਼ੁਰੂ ਕਰ ਦਿੰਦੀ ਹੈ। ਇਸ ਅਵਸਥਾ ਨੂੰ ਆਟੋਇਮਿਊਨ ਹਮਲਾ ਕਿਹਾ ਜਾਂਦਾ ਹੈ।

ਆਟੋਇਮਿਊਨ ਬਿਮਾਰੀਆਂ ਅੱਜਕੱਲ੍ਹ ਸੰਸਾਰ ਭਰ ਵਿੱਚ ਇੱਕ ਮਹੱਤਵਪੂਰਨ ਸਿਹਤ ਸਮੱਸਿਆ ਬਣ ਰਹੀਆਂ ਹਨ।

ਆਟੋਇਮਿਊਨ ਹਮਲੇ ਦੀ ਪਰਿਭਾਸ਼ਾ

ਆਟੋਇਮਿਊਨ ਹਮਲਾ ਉਹ ਅਵਸਥਾ ਹੈ ਜਿਸ ਵਿੱਚ ਸਰੀਰ ਦਾ ਰੋਗ-ਪ੍ਰਤੀਰੋਧਕ ਤੰਤਰ ਗਲਤੀ ਨਾਲ ਸਰੀਰ ਦੀਆਂ ਆਪਣੀਆਂ ਸਿਹਤਮੰਦ ਕੋਸ਼ਿਕਾਵਾਂ, ਟਿਸ਼ੂਆਂ ਜਾਂ ਅੰਗਾਂ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੰਦਾ ਹੈ।

ਇਸ ਕਾਰਨ ਸਰੀਰ ਵਿੱਚ ਸੋਜ, ਦਰਦ ਅਤੇ ਅੰਗਾਂ ਦੀ ਕਾਰਗੁਜ਼ਾਰੀ ਵਿੱਚ ਗੜਬੜ ਪੈਦਾ ਹੋ ਸਕਦੀ ਹੈ।

ਇਸ ਦੇ ਨਤੀਜ਼ੇ ਵਜੋਂ ਸਰੀਰ ਦੇ ਵੱਖ-ਵੱਖ ਅੰਗ ਪ੍ਰਭਾਵਿਤ ਹੋ ਸਕਦੇ ਹਨ।

ਆਟੋਇਮਿਊਨ ਹਮਲੇ ਦੇ ਕਾਰਨ

ਵਿਗਿਆਨੀਆਂ ਦੇ ਅਨੁਸਾਰ ਇਸ ਦੇ ਪਿੱਛੇ ਕਈ ਕਾਰਕ ਇਕੱਠੇ ਕੰਮ ਕਰਦੇ ਹਨ।

ਅਨੁਵੰਛਿਕ ਕਾਰਕ

ਜੇ ਪਰਿਵਾਰ ਵਿੱਚ ਪਹਿਲਾਂ ਕਿਸੇ ਨੂੰ ਆਟੋਇਮਿਊਨ ਬਿਮਾਰੀ ਰਹੀ ਹੋਵੇ ਤਾਂ ਇਸ ਦਾ ਖ਼ਤਰਾ ਵੱਧ ਸਕਦਾ ਹੈ।

ਵਾਤਾਵਰਣੀ ਕਾਰਕ

ਕੁਝ ਬਾਹਰੀ ਕਾਰਕ ਰੋਗ-ਪ੍ਰਤੀਰੋਧਕ ਤੰਤਰ ਨੂੰ ਗਲਤ ਤਰੀਕੇ ਨਾਲ ਉਤੇਜਿਤ ਕਰ ਸਕਦੇ ਹਨ।

ਵਾਇਰਸ ਜਾਂ ਬੈਕਟੀਰੀਆ ਦੇ ਸੰਕਰਮਣ।

ਪ੍ਰਦੂਸ਼ਣ ਜਾਂ ਜ਼ਹਿਰੀਲੇ ਪਦਾਰਥ।

ਬਹੁਤ ਜ਼ਿਆਦਾ ਧੁੱਪ।

ਕੁਝ ਦਵਾਈਆਂ।

ਹਾਰਮੋਨਲ ਪ੍ਰਭਾਵ

ਆਟੋਇਮਿਊਨ ਬਿਮਾਰੀਆਂ ਔਰਤਾਂ ਵਿੱਚ ਮਰਦਾਂ ਨਾਲੋਂ ਵੱਧ ਪਾਈਆਂ ਜਾਂਦੀਆਂ ਹਨ। ਹਾਰਮੋਨਾਂ ਵਿੱਚ ਤਬਦੀਲੀ ਇਸ ਵਿੱਚ ਭੂਮਿਕਾ ਨਿਭਾ ਸਕਦੀ ਹੈ।

ਲੰਬੇ ਸਮੇਂ ਦਾ ਤਣਾਅ

ਮਾਨਸਿਕ ਤਣਾਅ ਸਰੀਰ ਦੀ ਰੋਗ-ਪ੍ਰਤੀਰੋਧਕ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਗਲਤ ਜੀਵਨ-ਸ਼ੈਲੀ

ਅਸੰਤੁਲਿਤ ਖੁਰਾਕ, ਕਸਰਤ ਦੀ ਘਾਟ, ਸਿਗਰਟਨੋਸ਼ੀ ਅਤੇ ਨੀਂਦ ਦੀ ਕਮੀ ਵੀ ਇਸ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਅੰਤੜੀਆਂ ਦੇ ਜੀਵਾਣੂਆਂ ਦਾ ਅਸੰਤੁਲਨ

ਸਾਡੇ ਪੇਟ ਵਿੱਚ ਲੱਖਾਂ-ਕਰੋੜਾਂ ਲਾਭਕਾਰੀ ਜੀਵਾਣੂ ਹੁੰਦੇ ਹਨ। ਜਦੋਂ ਇਹ ਸੰਤੁਲਨ ਬਿਗੜਦਾ ਹੈ ਤਾਂ ਰੋਗ-ਪ੍ਰਤੀਰੋਧਕ ਤੰਤਰ ਵੀ ਪ੍ਰਭਾਵਿਤ ਹੋ ਸਕਦਾ ਹੈ।

ਆਟੋਇਮਿਊਨ ਬਿਮਾਰੀਆਂ ਦੇ ਲੱਛਣ

ਲੱਛਣ ਬਿਮਾਰੀ ਦੇ ਅਨੁਸਾਰ ਵੱਖਰੇ ਹੋ ਸਕਦੇ ਹਨ, ਪਰ ਆਮ ਲੱਛਣ ਇਹ ਹਨ:

ਲਗਾਤਾਰ ਥਕਾਵਟ,ਜੋੜਾਂ ਵਿੱਚ ਦਰਦ ਅਤੇ ਸੋਜ,ਚਮੜੀ ਉੱਤੇ ਦਾਗ, ਮਾਸਪੇਸ਼ੀਆਂ ਦੀ ਕਮਜ਼ੋਰੀ, ਪਾਚਣ ਸੰਬੰਧੀ ਸਮੱਸਿਆਵਾਂ, ਬੁਖਾਰ, ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਿਲ।

ਆਟੋਇਮਿਊਨ ਬਿਮਾਰੀਆਂ ਤੋਂ ਬਚਾਅ

ਸੰਤੁਲਿਤ ਖੁਰਾਕ, ਫਲ, ਸਬਜ਼ੀਆਂ ਅਤੇ ਪੌਸ਼ਟਿਕ ਖਾਣੇ ਸਰੀਰ ਦੀ ਰੋਗ-ਪ੍ਰਤੀਰੋਧਕ ਤਾਕਤ ਨੂੰ ਸੰਤੁਲਿਤ ਰੱਖਦੇ ਹਨ।

ਨਿਯਮਿਤ ਕਸਰਤ

ਹਲਕੀ ਅਤੇ ਨਿਯਮਿਤ ਕਸਰਤ ਸਰੀਰ ਵਿੱਚ ਸੋਜ ਘਟਾਉਣ ਵਿੱਚ ਮਦਦ ਕਰਦੀ ਹੈ।

ਤਣਾਅ ਦਾ ਪ੍ਰਬੰਧ

ਧਿਆਨ, ਯੋਗਾ ਅਤੇ ਸਾਹਾਂ ਦੀ ਕਸਰਤ ਮਨ ਨੂੰ ਸ਼ਾਂਤ ਰੱਖਣ ਵਿੱਚ ਮਦਦ ਕਰਦੀ ਹੈ।

ਪੂਰੀ ਨੀਂਦ

ਵਧੀਆ ਨੀਂਦ ਸਰੀਰ ਦੀ ਮੁਰੰਮਤ ਅਤੇ ਰੋਗ-ਪ੍ਰਤੀਰੋਧਕ ਤੰਤਰ ਦੀ ਕਾਰਗੁਜ਼ਾਰੀ ਲਈ ਬਹੁਤ ਜ਼ਰੂਰੀ ਹੈ।

ਨੁਕਸਾਨਦਾਇਕ ਆਦਤਾਂ ਤੋਂ ਬਚਾਅ

ਸਿਗਰਟਨੋਸ਼ੀ ਅਤੇ ਜ਼ਿਆਦਾ ਸ਼ਰਾਬ ਸਰੀਰ ਦੀ ਰੋਗ-ਪ੍ਰਤੀਰੋਧਕ ਸਮਰੱਥਾ ਨੂੰ ਘਟਾਉਂਦੀਆਂ ਹਨ।

ਕੁਦਰਤੀ ਤਰੀਕੇ ਨਾਲ ਆਟੋਇਮਿਊਨ ਹਮਲੇ ਨੂੰ ਸੰਭਾਲਣਾ

ਸੋਜ ਘਟਾਉਣ ਵਾਲੀ ਖੁਰਾਕ

ਕੁਝ ਖਾਦ ਪਦਾਰਥ ਸੋਜ ਨੂੰ ਘਟਾਉਣ ਵਿੱਚ ਮਦਦਗਾਰ ਹੋ ਸਕਦੇ ਹਨ ਜਿਵੇਂ ਹਲਦੀ, ਹਰੀ ਪੱਤੇਦਾਰ ਸਬਜ਼ੀਆਂ, ਅਲਸੀ ਦੇ ਬੀਜ, ਤਾਜ਼ੇ ਫਲ, ਜੜ੍ਹੀ-ਬੂਟੀਆਂ

ਕੁਝ ਆਯੁਰਵੇਦਿਕ ਜੜੀ-ਬੂਟੀਆਂ ਸਰੀਰ ਦੀ ਰੋਗ-ਪ੍ਰਤੀਰੋਧਕ ਤਾਕਤ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰ ਸਕਦੀਆਂ ਹਨ ਉਦਾਹਰਣ ਅਸ਼ਵਗੰਧਾ, ਗਿਲੋਏ, ਹਲਦੀ।

ਪੇਟ ਦੀ ਸਿਹਤ

ਦਹੀਂ, ਫਰਮੈਂਟ ਕੀਤੇ ਖਾਣੇ ਅਤੇ ਫਾਈਬਰ ਵਾਲੀ ਖੁਰਾਕ ਅੰਤੜੀਆਂ ਦੇ ਜੀਵਾਣੂਆਂ ਨੂੰ ਸੰਤੁਲਿਤ ਰੱਖਣ ਵਿੱਚ ਮਦਦ ਕਰਦੀ ਹੈ।

ਮਨ-ਸਰੀਰ ਅਭਿਆਸ

ਯੋਗਾ, ਧਿਆਨ ਅਤੇ ਸਾਹ ਦੀ ਕਸਰਤ ਤਣਾਅ ਘਟਾਉਂਦੀਆਂ ਹਨ ਅਤੇ ਸਰੀਰ ਦੀ ਸਿਹਤ ਨੂੰ ਸੁਧਾਰਦੀਆਂ ਹਨ।

ਆਧੁਨਿਕ ਇਲਾਜ਼ ਦੇ ਤਰੀਕੇ

ਡਾਕਟਰ ਆਮ ਤੌਰ ’ਤੇ ਸੋਜ ਅਤੇ ਰੋਗ-ਪ੍ਰਤੀਰੋਧਕ ਪ੍ਰਤੀਕਿਰਿਆ ਨੂੰ ਨਿਯੰਤਰਿਤ ਕਰਨ ਲਈ ਇਲਾਜ ਕਰਦੇ ਹਨ।

ਸੋਜ ਘਟਾਉਣ ਵਾਲੀਆਂ ਦਵਾਈਆਂ, ਰੋਗ-ਪ੍ਰਤੀਰੋਧਕ ਤੰਤਰ ਨੂੰ ਨਿਯੰਤਰਿਤ ਕਰਨ ਵਾਲੀਆਂ ਦਵਾਈਆਂ, ਹਾਰਮੋਨ ਥੈਰੇਪੀ, ਬਾਇਓਲੋਜਿਕਲ ਦਵਾਈਆਂ।

ਭਵਿੱਖ ਵਿੱਚ ਇਲਾਜ਼ ਦੇ ਨਵੇਂ ਰਾਹ

ਪ੍ਰਿਸੀਜ਼ਨ ਮੈਡੀਸਨ

ਭਵਿੱਖ ਵਿੱਚ ਇਲਾਜ ਵਿਅਕਤੀ ਦੀ ਜਨੈਤਿਕ ਬਣਤਰ ਅਤੇ ਰੋਗ-ਪ੍ਰਤੀਰੋਧਕ ਪ੍ਰਣਾਲੀ ਦੇ ਅਨੁਸਾਰ ਕੀਤਾ ਜਾ ਸਕੇਗਾ।

ਸਟੈਮ ਸੈੱਲ ਥੈਰੇਪੀ

ਵਿਗਿਆਨੀ ਅਜਿਹੀਆਂ ਥੈਰੇਪੀਆਂ ਉੱਤੇ ਕੰਮ ਕਰ ਰਹੇ ਹਨ ਜੋ ਰੋਗ-ਪ੍ਰਤੀਰੋਧਕ ਤੰਤਰ ਨੂੰ ਦੁਬਾਰਾ ਸੰਤੁਲਿਤ ਕਰ ਸਕਣ।

ਮਾਈਕ੍ਰੋਬਾਇਓਮ ਰਿਸਰਚ

ਅੰਤੜੀਆਂ ਦੇ ਜੀਵਾਣੂਆਂ ਅਤੇ ਰੋਗ-ਪ੍ਰਤੀਰੋਧਕ ਤੰਤਰ ਦੇ ਸੰਬੰਧ ਬਾਰੇ ਹੋਰ ਖੋਜ ਕੀਤੀ ਜਾ ਰਹੀ ਹੈ।

ਧਿਆਨ ਅਤੇ ਮਨ ਦੀ ਸ਼ਾਂਤੀ ਦੀ ਭੂਮਿਕਾ

ਅਧਿਐਨ ਦਰਸਾਉਂਦੇ ਹਨ ਕਿ ਧਿਆਨ, ਯੋਗਾ ਅਤੇ ਮਾਈਂਡਫੁਲਨੈੱਸ ਤਣਾਅ ਘਟਾਉਂਦੇ ਹਨ ਅਤੇ ਸਰੀਰ ਵਿੱਚ ਸੋਜ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ।

ਭਵਿੱਖ ਵਿੱਚ ਸੰਭਵ ਹੈ ਕਿ ਆਧੁਨਿਕ ਦਵਾਈਆਂ ਦੇ ਨਾਲ ਮਨ-ਸਰੀਰ ਥੈਰੇਪੀਆਂ ਨੂੰ ਵੀ ਇਲਾਜ ਦਾ ਹਿੱਸਾ ਬਣਾਇਆ ਜਾਵੇ।

ਆਟੋਇਮਿਊਨ ਹਮਲਾ ਇੱਕ ਜਟਿਲ ਸਿਹਤ ਸਮੱਸਿਆ ਹੈ ਜਿਸ ਵਿੱਚ ਸਰੀਰ ਦਾ ਰੋਗ-ਪ੍ਰਤੀਰੋਧਕ ਤੰਤਰ ਆਪਣੀ ਹੀ ਸਿਹਤਮੰਦ ਕੋਸ਼ਿਕਾਵਾਂ ਉੱਤੇ ਹਮਲਾ ਕਰਦਾ ਹੈ।

ਸੰਤੁਲਿਤ ਖੁਰਾਕ, ਸਿਹਤਮੰਦ ਜੀਵਨ-ਸ਼ੈਲੀ, ਤਣਾਅ ਦਾ ਸਹੀ ਪ੍ਰਬੰਧ ਅਤੇ ਸਮੇਂ ਸਿਰ ਡਾਕਟਰੀ ਸਲਾਹ ਲੈਣ ਨਾਲ ਇਸ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ।

ਭਵਿੱਖ ਵਿੱਚ ਵਿਗਿਆਨਕ ਖੋਜ ਅਤੇ ਨਵੀਂ ਥੈਰੇਪੀਆਂ ਨਾਲ ਆਟੋਇਮਿਊਨ ਬਿਮਾਰੀਆਂ ਦਾ ਇਲਾਜ ਹੋਰ ਪ੍ਰਭਾਵਸ਼ਾਲੀ ਹੋਣ ਦੀ ਉਮੀਦ ਹੈ।




web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਘਰ ਦੀ ਰਾਖੀ

ਮੈਂ ਨਾਸ਼ਤਾ ਕਰਕੇ ਹਟਿਆ ਹੀ ਸਾਂ ਕਿ ਅੰਮ੍ਰਿਤਸਰ ਤੋਂ ਮੇਰੇ ਭਾਣਜੇ ਜਸਵਿੰਦਰ ਦਾ ਫੋਨ ਆ ਗਿਆ। ਸਭ ਦੀ ਰਾਜੀ, ਖੁਸ਼ੀ ਪੁੱਛਣ ਪਿੱਛੋਂ ਉਸ ਨੇ ਆਖਿਆ, "ਮਾਮੀ ਜੀ ਨਾਲ ਗੱਲ ਤਾਂ ਕਰਾਇਓ।"

"ਉਹ ਤਾਂ ਹੁਸ਼ਿਆਰਪੁਰ ਮੁੰਡੇ, ਬਹੂ ਨਾਲ ਵਿਆਹ ਗਏ ਆ। ਮੈਂ ਹੀ ਘਰ ਕੱਲਾ ਆਂ।" ਮੈਂ ਜਵਾਬ ਦਿੱਤਾ।

" ਤੁਸੀਂ ਵਿਆਹ ਕਿਉਂ ਨੀ ਗਏ? ਤੁਹਾਨੂੰ ਵੀ ਤਾਂ ਵਿਆਹ ਜਾਣਾ ਚਾਹੀਦਾ ਸੀ।""ਤੈਨੂੰ ਪਤਾ ਈ ਆ, ਅਸੀਂ ਦੋ ਕੁ ਮਹੀਨਿਆਂ ਤੋਂ ਨਵੇਂ ਘਰ 'ਚ ਰਹਿਣ ਲੱਗੇ ਆਂ।

ਅੱਜ ਕੱਲ੍ਹ ਚੋਰ ਬਹੁਤ ਸਰਗਰਮ ਹੋਏ ਪਏ ਆ। ਇਸ ਲਈ ਘਰ ਦੀ ਰਾਖੀ ਕਰਨ ਲਈ ਇਕ ਬੰਦੇ ਦਾ ਘਰ ਰਹਿਣਾ ਜਰੂਰੀ ਸੀ।"

" ਮਾਮਾ ਜੀ, ਤੁਸੀਂ ਤਾਂ ਪੁਰਾਣੇ ਸਮਿਆਂ ਦੀਆਂ ਗੱਲਾਂ ਕਰਦੇ ਆਂ। ਚੁੱਪ ਕਰਕੇ ਕੈਮਰੇ ਲੁਆ ਲੈਣੇ ਸੀ। ਫੇਰ ਕਿਸੇ ਨੂੰ ਘਰ ਦੀ ਰਾਖੀ ਕਰਨ ਲਈ ਘਰ ਰਹਿਣ ਦੀ ਲੋੜ ਨਹੀਂ ਸੀ ਪੈਣੀ।"

" ਜਸਵਿੰਦਰ ਇਹ ਦੱਸ ਜਿੱਥੇ ਕੈਮਰੇ ਲੱਗੇ ਹੁੰਦੇ ਆ ਉੱਥੇ ਚੋਰੀ ਨੀ ਹੁੰਦੀ। ਅੱਜ ਕੱਲ੍ਹ ਚੋਰ ਆਪਣੇ ਨੱਕ, ਮੂੰਹ ਢੱਕ ਕੇ ਆਂਦੇ ਆ, ਉਨ੍ਹਾਂ ਦੀਆਂ ਕੱਲੀਆਂ ਅੱਖਾਂ ਹੀ ਦਿਸਦੀਆਂ ਹੁੰਦੀਆਂ ਆਂ। ਐਸੀ ਹਾਲਤ ਵਿੱਚ ਕੈਮਰੇ ਕੀ ਕਰਨਗੇ? ਆਪਣੀ ਰਾਖੀ ਆਪ ਹੀ ਕਰਨ 'ਚ ਭਲਾ ਆ।"

" ਗੱਲ ਤਾਂ ਤੁਹਾਡੀ ਠੀਕ ਆ, ਮਾਮਾ ਜੀ।" ਇਹ ਕਹਿ ਕੇ ਮੇਰੇ ਭਾਣਜੇ ਨੇ ਫੋਨ ਕੱਟ ਦਿੱਤਾ।



ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਠੀਕ ਆ ਡੈਡੀ ਜੀ

ਕੁਲਜਿੰਦਰ ਸਿੰਘ ਦਾ ਛੋਟਾ ਲੜਕਾ ਹਰਪ੍ਰੀਤ ਪਿੰਡ ਦੇ ਸਰਕਾਰੀ ਹਾਈ ਸਕੂਲ ਵਿੱਚ ਸੱਤਵੀਂ ਕਲਾਸ ਵਿੱਚ ਪੜ੍ਹਦਾ ਹੈ। ਅੱਜ ਦੀਵਾਲੀ ਹੋਣ ਕਰਕੇ ਸਕੂਲ ਵਿੱਚ ਛੁੱਟੀ ਸੀ। ਕੁਲਜਿੰਦਰ ਸਿੰਘ ਨੇ ਉਸ ਨੂੰ ਆਖਿਆ," ਹਰਪ੍ਰੀਤ ਜੇ ਪਟਾਕੇ ਲੈਣੇ ਆਂ ਤਾਂ ਆ ਤੈਨੂੰ ਮਜਾਰੀ ਤੋਂ ਪਟਾਕੇ ਲੈ ਕੇ ਦੇ ਦਿਆਂ। ਫੇਰ ਰਾਤ ਨੂੰ ਮੈਨੂੰ ਕਹੀਂ ਨਾ ਕਿ ਡੈਡੀ ਨੇ ਮੈਨੂੰ ਪਟਾਕੇ ਵੀ ਲੈ ਕੇ ਨਹੀਂ ਦਿੱਤੇ।" ਇਹ ਸੁਣ ਕੇ ਹਰਪ੍ਰੀਤ ਇਕ ਦਮ ਬੋਲ ਪਿਆ," ਡੈਡੀ ਜੀ, ਐਤਕੀਂ ਮੈਂ ਪਟਾਕੇ ਨਹੀਂ ਲੈਣੇ। ਸਾਡੇ ਪੰਜਾਬੀ ਵਾਲੇ ਮਾਸਟਰ ਕਹਿੰਦੇ ਸੀ ਕਿ ਪਟਾਕਿਆਂ ਦੇ ਧੂੰਏਂ ਨਾਲ ਪ੍ਰਦੂਸ਼ਣ ਫੈਲਦਾ ਆ। ਉਨ੍ਹਾਂ ਦੀ ਆਵਾਜ਼ ਨਾਲ ਮਰੀਜ਼ਾਂ ਨੂੰ ਬੇਆਰਾਮੀ ਹੁੰਦੀ ਆ, ਪਸ਼ੂ, ਪੰਛੀ ਡਰ ਜਾਂਦੇ ਆ, ਸਾਡੇ ਕੰਨ ਵੀ ਬੋਲ਼ੇ ਹੋ ਸਕਦੇ ਆ। ਆਤਸ਼ਬਾਜ਼ੀਆਂ ਲਾਗੇ ਦੇ ਘਰਾਂ ਵਿੱਚ ਡਿੱਗ ਜਾਂਦੀਆਂ ਆਂ ਤੇ ਅੱਗਾਂ ਲੱਗ ਜਾਂਦੀਆਂ ਆਂ।"

ਹਰਪ੍ਰੀਤ ਦੀਆਂ ਗੱਲਾਂ ਸੁਣ ਕੇ ਕੁਲਜਿੰਦਰ ਸਿੰਘ ਬੜਾ ਖੁਸ਼ ਹੋਇਆ। ਉਸ ਨੂੰ ਯਾਦ ਹੈ, ਪਿਛਲੀ ਦੀਵਾਲੀ ਤੇ ਹਰਪ੍ਰੀਤ ਨੇ ਉਸ ਦਾ ਹਜ਼ਾਰ ਰੁਪਿਆ ਪਟਾਕਿਆਂ ਤੇ ਖਰਚਾ ਦਿੱਤਾ ਸੀ।

" ਚੱਲ ਫੇਰ ਏਦਾਂ ਕਰ, ਤੂੰ ਪਟਾਕੇ ਨਾ ਲਈਂ, ਮੋਮਬੱਤੀਆਂ ਤੇ ਫੁੱਲਝੜੀਆਂ ਲੈ ਲਈਂ।" ਕੁਲਜਿੰਦਰ ਸਿੰਘ ਨੇ ਆਖਿਆ।

ਹਰਪ੍ਰੀਤ ਇਕ ਦਮ ਮੰਨ ਗਿਆ ਅਤੇ ਉਹ ਕੁਲਜਿੰਦਰ ਸਿੰਘ ਨਾਲ ਮੋਮਬੱਤੀਆਂ ਤੇ ਫੁੱਲਝੜੀਆਂ ਲੈਣ ਲਈ ਮਜਾਰੀ ਨੂੰ ਤੁਰ ਪਿਆ। ਮਜਾਰੀ ਪਹੁੰਚ ਕੇ ਉਸ ਨੇ ਦੋਹੀਂ ਪਾਸੀਂ ਨਜ਼ਰਾਂ ਦੌੜਾਈਆਂ। ਦੁਕਾਨਦਾਰਾਂ ਨੇ ਛੋਟੇ, ਵੱਡੇ ਪਟਾਕੇ, ਅਨਾਰ, ਚੱਕੀਆਂ, ਆਤਸ਼ਬਾਜ਼ੀਆਂ, ਫੁੱਲਝੜੀਆਂ ਤੇ ਮੋਮਬੱਤੀਆਂ ਬੈਂਚਾਂ ਤੇ ਸਜਾ ਕੇ ਰੱਖੀਆਂ ਹੋਈਆਂ ਸਨ। ਅਚਾਨਕ ਕੁਲਜਿੰਦਰ ਸਿੰਘ ਦਾ ਹੱਥ ਫੜ ਕੇ ਉਹ ਆਖਣ ਲੱਗਾ," ਡੈਡੀ ਜੀ, ਔਹ ਸਾਮ੍ਹਣੇ ਸਾਡੇ ਪੰਜਾਬੀ ਵਾਲੇ ਮਾਸਟਰ ਤੇ ਉਨ੍ਹਾਂ ਦਾ ਮੁੰਡਾ ਪਟਾਕਿਆਂ ਦੀ ਦੁਕਾਨ ਤੇ ਪਤਾ ਨਹੀਂ ਕਿਉਂ ਖੜ੍ਹੇ ਆ?"

" ਪੁੱਤ ਉਹ ਦੁਕਾਨ ਤੇ ਖੜ੍ਹੇ ਨਹੀਂ, ਉਨ੍ਹਾਂ ਨੇ ਵੀ ਪਟਾਕਿਆਂ ਦੀ ਦੁਕਾਨ ਪਾਈ ਹੋਈ ਆ। ਅੱਜ ਕੱਲ੍ਹ ਲੋਕ ਆਖਦੇ ਕੁਝ ਹੋਰ ਆ, ਕਰਦੇ ਕੁਝ ਹੋਰ ਆ। ਪਰ ਤੂੰ ਉਨ੍ਹਾਂ ਨੂੰ ਦੇਖ ਕੇ ਹੁਣ ਆਪਣਾ ਮਨ ਨਾ ਬਦਲ ਲਈਂ। ਜੋ ਕੁਝ ਲੈਣ ਆਇਆਂ, ਲੈ ਲੈ।"

" ਠੀਕ ਆ ਡੈਡੀ ਜੀ।" ਹਰਪ੍ਰੀਤ ਨੇ ਹੌਲੀ ਜਹੀ ਆਖਿਆ।

ਉਸ ਨੇ ਦੋ ਮੋਮਬੱਤੀਆਂ ਦੇ ਪੈਕਟ ਤੇ ਦੋ ਫੁੱਲਝੜੀਆਂ ਦੇ ਪੈਕਟ ਲਏ ਤੇ ਕੁਲਜਿੰਦਰ ਸਿੰਘ ਨਾਲ ਘਰ ਵੱਲ ਨੂੰ ਵਾਪਸ ਤੁਰ ਪਿਆ।

LARRY T. NIERMEYER
Attorney at Law



OFFERING SERVICES IN THE FOLLOWING AREAS





1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

WE HAVE THE CHEAPEST FARES TO INDIA

# LEGEND TRAVEL

arc accredited agency
CST # 207524-40



JATINDER SINGH

LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US
**(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# JK TYRE INC

## JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

STEER TIRE
295/75R22.5

With Installation
Singh: 510-766-9382

**Firestone FS591**

SPECIAL OFFER !!



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES
GOODYEAR
KELLY TIRES
Feel the difference BARKLEY
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES

# S. Singh Cell: (510) 766-9382

## 2955 N. Wilson Way Stockton , CA 95205

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTESTNOW!



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com



# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 173**

ਗਉੜੀ ਮਾਝ ਮਹਲਾ ੪ ॥

ਆਉ ਸਖੀ ਗੁਣ ਕਾਮਣ ਕਰੀਹਾ ਜੀਉ ॥ ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ ॥ ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ ॥ ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ ॥੧॥ ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਢੋਲੇ ਜੀਉ ॥ ਮੈ ਮੇਲੇ ਮਿਤ੍ਰੁ ਸਤਿਗੁਰੁ ਵੇਚੋਲੇ ਜੀਉ ॥ ਮਨੁ ਦੇਵਾਂ ਸੰਤਾ ਮੇਰਾ ਪ੍ਰਭੁ ਮੇਲੇ ਜੀਉ ॥ ਹਰਿ ਵਿਟੜਿਅਹੁ ਸਦਾ ਘੋਲੇ ਜੀਉ ॥੨॥ ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ ਹਰਿ ਕਰਿ ਕਿਰਪਾ ਮਨਿ ਵਸੁ ਜੀਉ ॥ ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ ਗੁਰੁ ਪੂਰਾ ਵੇਖਿ ਵਿਗਸੁ ਜੀਉ ॥ ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ ਮਨਿ ਅਨਦਿਨੁ ਅਨਦੁ ਰਹਸੁ ਜੀਉ ॥ ਹਰਿ ਪਾਇਅੜਾ ਵਡਭਾਗੀਈ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ ॥੩॥ ਹਰਿ ਆਪਿ ਉਪਾਏ ਹਰਿ ਆਪੇ ਵੇਖੈ ਹਰਿ ਆਪੇ ਕਾਰੈ ਲਾਇਆ ਜੀਉ ॥ ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ ਫਕਾ ਪਾਇਆ ਜੀਉ ॥ ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ ਇਕਨਾ ਭਿਖ ਮੰਗਾਇਆ ਜੀਉ ॥ ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿਦਾ ਜਨ ਨਾਨਕ ਨਾਮੁ ਧਿਆਇਆ ਜੀਉ ॥੪॥੨॥੨੮॥੬੬॥ {ਪੰਨਾ 173}

ਭਾਵ ਅਰਥ:-

ਹੇ ਸੱਜਣੋ , ਆਓ ਰਲ ਮਿਲ ਕੇ ਚਿੰਤਨ ਕਰੀਏ (ਪਰਮਾਤਮਾ ਅੱਗੇ ਅਰਦਾਸ ਕਰੀਏ) ਕਿ ਸਾਨੂੰ ਸੰਤ ਸੱਜਣ ਪਿਆਰੇ ਮਿਲਣ ਅਤੇ ਅਸੀਂ ਰਲ ਮਿਲ ਕੇ ਉਸ ਅਕਾਲ ਪੁਰਖ ਦੀ ਭਜਨ ਬੰਦਗੀ ਕਰੀਏ। (ਜਿਹਦੇ ਵਿੱਚ ਆਨੰਦ ਹੀ ਆਨੰਦ ਹੈ। ਗੁਰੂ ਨੇ ਸਾਡੇ ਅੰਦਰ ਗਿਆਨ ਦਾ ਦੀਪਕ ਬਾਲ ਦਿੱਤਾ ਹੈ, ਆਓ ਹੁਣ ਉਸਦੇ ਸ਼ੁਕਰਾਨੇ ਵਿੱਚ ਆ ਕੇ ਅਕਾਲ ਪੁਰਖ ਦੇ ਦੀਦਾਰੇ ਦਰਸ਼ਨ ਕਰੀਏ॥੧॥

ਮੇਰਾ ਸਤਿਗੁਰੂ ਦੇ ਦੁਆਰਾ, (ਜਿਸ ਨੇ ਕਿ ਪ੍ਰਭੂ ਦੇ ਵਿਚਕਾਰ ਤੇ ਮੇਰੇ ਵਿਚਕਾਰ ਵਿਚੋਲੇ ਦਾ ਕੰਮ ਕੀਤਾ ਹੈ,) ਮਨ ਹੁਣ ਉਸ ਅਗਮ ਅਗੋਚਰ ਪਰਮਾਤਮਾ ਨਾਲ ਮਿਲ ਗਿਆ ਹੈ। ਮੈਂ ਉਹਨਾਂ ਆਪਣੇ ਸੰਗੀਆਂ ਸਾਥੀਆਂ ਸੰਤ ਜਨਾਂ ,ਗੁਰੂ ਜਨਾਂ ਨੂੰ ਆਪਣਾ ਮਨ ਝੁਕਾਉਂਦਾ ਹਾਂ, ਜਿਨਾਂ ਨੇ ਪ੍ਰਭੂ ਨਾਲ ਮੇਰਾ ਮਿਲਾਪ ਸੰਭਵ ਕੀਤਾ ਹੈ, ਜਿਹੜੇ ਸਦਾ ਹੀ ਵਿਛੜਿਆਂ ਨੂੰ ਮਿਲਾਉਂਦੇ ਹਨ॥੨॥

ਹੇ ਮੇਰੇ ਸੱਚੇ ਪਾਤਸ਼ਾਹ ! ਮੇਰੇ ਪਿਆਰੇ, ਪ੍ਰੀਤਮ, ਗੋਬਿੰਦ ਪ੍ਰਭੂ ,ਮੇਰੇ ਹਿਰਦੇ ਅੰਦਰ ਵਸਣ ਦੀ ਕਿਰਪਾਲਤਾ ਕਰੋ। ਮੈਂ ਤੇਰੇ ਦਰਸ਼ਨ ਦੀਦਾਰੇ ਕਰਕੇ ਅਤਿ ਪ੍ਰਸੰਨ ਤੇ ਪ੍ਰਫੁੱਲਿਤ ਹੁੰਦਾ ਹਾਂ ਤੇ ਆਪਣੀ ਇੱਛਾ ਮੁਤਾਬਕ ਤੂੰ ਮੇਰੀਆਂ ਝੋਲੀਆਂ ਭਰਦਾ ਹੈਂ। ਜਦੋਂ ਮੈਨੂੰ ਜੀਵ ਇਸਤਰੀ ਨੂੰ ਤੇਰਾ ਨਾਮ ,ਤੇਰੀ ਬੰਦਗੀ ਸਿਮਰਨ ਮਿਲ ਗਿਆ ਤਾਂ ਮੇਰੇ ਮਸਤਕ ਅੰਦਰ ਇਕ ਅਣ ਵਜਾਇਆ ਸਾਜ (ਰਾਗ )ਵੱਜਣ ਲੱਗ ਪਿਆ। ਇਹ ਮੇਰੇ ਵੱਡੇ ਭਾਗਾਂ ਦਾ ਕਮਾਲ ਸੀ ਕਿ ਹੇ ਗੋਬਿੰਦ ਦਾਤਾ! ਤੂੰ ਮੈਨੂੰ ਮਿਲਿਆਂ ਤੇ ਮੈਨੂੰ ਹਰ ਰੋਜ਼ ਦਾ ਆਨੰਦ ਮਿਲ ਗਿਆ॥੩॥

ਉਸ ਹਰੀ ਪ੍ਰਭੂ ਨੇ ਸਾਨੂੰ ਆਪ ਹੀ ਜੀਵਨ ਦਿੱਤਾ ਹੈ ਤੇ ਆਪ ਹੀ ਵੱਖੋ ਵੱਖਰਿਆਂ ਧੰਦਿਆਂ ਤੇ ਲਾਇਆ ਹੈ। ਇਹ ਉਹਦੀ ਹੀ ਰਜਾ ਹੈ ਕਿ ਕਿਸੇ ਨੂੰ ਰੱਜ ਕੇ ਰਜਾਇਆ ਹੈ, ਕੋਈ ਤੋਟ ਨਹੀਂ ਦਿੱਤੀ ਤੇ ਕਿਸੇ ਨੂੰ ਬਹੁਤ ਹੀ ਥੋੜਾ ਮਿਲਿਆ ਹੈ। ਇੱਕ ਪਾਸੇ ਰਾਜੇ ਬਾਦਸ਼ਾਹ ਨੇ ਜਿਹੜੇ ਤਖਤਾਂ ਤੇ ਬੈਠੇ ਰਾਜ ਕਰਦੇ ਤੇ ਖੁਸ਼ੀਆਂ ਹੰਡਾਉਂਦੇ ਨੇ, ਸੁਖ ਮਾਣਦੇ ਨੇ ਤੇ ਦੂਜੇ ਪਾਸੇ ਉਹ ਮਨੁੱਖ ਵੀ ਹਨ ਜੋ ਸਿਰਫ ਭੀਖ ਮੰਗਦੇ ਹਨ ਤੇ ਉਸੇ ਤੇ ਗੁਜ਼ਾਰਾ ਕਰਦੇ ਹਨ। ਪਰ ਹਰ ਜੀਵ ਵਿੱਚ ਉਹ ਸਿਰਫ ਇੱਕੋ ਹੀ ਪਾਰਬ੍ਰਹਮ ਪਰਮੇਸ਼ਰ ਵੱਸਦਾ ਹੈ ਤੇ ਹੇ ਨਾਨਕ !ਉਸ ਦੀ ਅਰਾਧਨਾ ਕਰਨਾ ਕਰ॥੪॥

ਗਉੜੀ ਮਾਝ ਮਹਲਾ ੪ ॥

ਮਨ ਮਾਹੀ ਮਨ ਮਾਹੀ ਮੇਰੇ ਗੋਵਿੰਦਾ ਹਰਿ ਰੰਗਿ ਰਤਾ ਮਨ ਮਾਹੀ ਜੀਉ ॥ ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ ॥ ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ ਸਭ ਦਾਲਦ ਦੁਖ ਲਹਿ ਜਾਹੀ ਜੀਉ ॥ ਹਰਿ ਪਦੁ ਉਤਮੁ ਪਾਇਆ ਮੇਰੇ ਗੋਵਿੰਦਾ ਵਡਭਾਗੀ ਨਾਮਿ ਸਮਾਹੀ ਜੀਉ ॥੧॥ ਨੈਣੀ ਮੇਰੇ ਪਿਆਰਿਆ ਨੈਣੀ ਮੇਰੇ ਗੋਵਿਦਾ ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ॥ ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮਲੈਣੀ ਜੀਉ ॥ ਸੰਤ ਜਨਾ ਮਿਲਿ ਪਾਇਆ ਮੇਰੇ ਗੋਵਿਦਾ ਮੇਰਾ ਹਰਿ ਪ੍ਰਭੁ ਸਜਣੁ ਸੈਣੀ ਜੀਉ ॥ ਹਰਿ ਆਇ ਮਿਲਿਆ ਜਗਜੀਵਨੁ ਮੇਰੇ ਗੋਵਿੰਦਾ ਮੈ ਸੁਖਿ ਵਿਹਾਣੀ ਰੈਣੀ ਜੀਉ ॥੨॥ ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ ਮੈ ਮਨਿ ਤਨਿ ਭੁਖ ਲਗਾਈਆ ਜੀਉ ॥ ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ ॥ ਹਰਿ ਰਾਇਆ ਮੇਰਾ ਸਜਣੁ ਪਿਆਰਾ ਗੁਰੁ ਮੇਲੇ ਮੇਰਾ ਮਨੁ ਜੀਵਾਈਆ ਜੀਉ ॥ ਮੇਰੈ ਮਨਿ ਤਨਿ ਆਸਾ ਪੂਰੀਆ ਮੇਰੇ ਗੋਵਿੰਦਾ ਹਰਿ ਮਿਲਿਆ ਮਨਿ ਵਾਧਾਈਆ ਜੀਉ ॥੩॥ ਵਾਰੀ ਮੇਰੇ ਗੋਵਿੰਦਾ ਵਾਰੀ ਮੇਰੇ ਪਿਆਰਿਆ ਹਉ ਤੁਧੁ ਵਿਟੜਿਅਹੁ ਸਦ ਵਾਰੀ ਜੀਉ ॥ ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਮੇਰੇ ਗੋਵਿਦਾ ਹਰਿ ਪੂੰਜੀ ਰਾਖੁ ਹਮਾਰੀ ਜੀਉ ॥ ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉ ॥ ਹਰਿ ਨਾਮੁ ਦਇਆ ਕਰਿ ਪਾਇਆ ਮੇਰੇ ਗੋਵਿੰਦਾ ਜਨ ਨਾਨਕੁ ਸਰਣਿ ਤੁਮਾਰੀ ਜੀਉ ॥੪॥੩॥੨੯॥੬੭॥ {ਪੰਨਾ 173-174}

ਭਾਵ ਅਰਥ:-

ਹੇ ਮੇਰੇ ਗੋਬਿੰਦ ਪ੍ਰਭੂ ! ਤੂੰ ਮੇਰੇ ਹਿਰਦੇ ਵਿੱਚ ਵਸਿਆ ਹੋਇਆ ਹੈਂ ਤਾਂ ਰੰਗ ਲੱਗਿਆ ਹੋਇਆ ਹੈ, ਖੁਸ਼ੀਆਂ ਤੇ ਬਹਾਰਾਂ ਨੇ। ਸਿਰਫ ਰੰਗ ਲੱਗਣ ਨਾਲ ਭਾਗ ਲੱਗਣ ਨਾਲ ਹੀ ਤੂੰ ਹਿਰਦੇ ਵਿੱਚ ਨਹੀਂ ਸਮਾਉਂਦਾ ਜਾਂ ਤੇਰੀ ਹੋਂਦ ਨਹੀਂ ਪਤਾ ਲੱਗਦੀ ਹੈ ,ਇਹ ਤਾਂ ਗੁਰੂ ਦੀ ਹੀ ਕਿਰਪਾ ਹੈ ਜਿਸ ਨੇ ਰੌਸ਼ਨੀ ਦਿਖਾ ਕੇ ਤੇਰੇ ਦਰਸ਼ਨ ਦਿਦਾਰੇ ਮੇਰੇ ਅੰਦਰੋਂ ਹੀ ਕਰਵਾ ਦਿੱਤੇ ਹਨ।

ਜਦੋਂ ਤੇਰੇ ਦਰਸ਼ਨ ਦੀਦਾਰੇ ਹੋ ਗਏ ਤਾਂ ਹਰ ਤਰ੍ਹਾਂ ਦੇ ਦੁੱਖ ਦਲਿਦਰ ਭੁੱਖਾਂ ਦੂਰ ਹੋ ਗਈਆਂ। ਵੱਡੇ ਭਾਗਾਂ ਨਾਲ ਨਾਮ ਦੀ ਸਿਫਤ ਸਲਾਹ ਕਰਨ ਕਾਰਨ ਮੈਨੂੰ ਵੀ ਇਸ ਸੰਸਾਰ ਵਿੱਚ ਉੱਚਾ ਸਥਾਨ ਮਿਲ ਗਿਆ ਹੈ॥੧॥

ਹੇ ਮੇਰੇ ਸੱਜਣ ਪਿਆਰਿਆ ਗੋਬਿੰਦ ਪ੍ਰਭੂ ! ਆਪਣੇ ਖੁੱਲੇ ਨੇਤਰਾਂ ਨਾਲ ਕਿਸ ਨੇ ਤੇਰੇ ਦਰਸ਼ਨ ਦੀਦਾਰੇ ਨਹੀਂ ਕੀਤੇ ਹਨ। ਮੈਂ ਜੀਵ ਇਸਤਰੀ ਦੇ ,ਮਨ ਨੂੰ ਆਪ ਜੀ ਦੇ ਮੁਹੱਬਤ ਦੀ ਤਾਂਗ ਇੰਨੀ ਜਿਆਦਾ ਲੱਗੀ ਹੈ ਕਿ ਮੈਂ ਤੇਰੀ ਯਾਦ ਵਿੱਚ ਤੜਫ ਰਹੀ ਹਾਂ ਤੇ ਮੁਰਝਾ ਜਿਹੀ ਗਈ ਹਾਂ । ਜਿਹੜਾ ਸਤਸੰਗ ਕਰਦਾ ਤੇ ਉਸ ਵਿੱਚ ਬੈਠ ਕੇ ਕੀਰਤਨ ਭਜਨ ਬੰਦਗੀ ਕਰਦਾ ਹੈ ਤਾਂ, ਹੇ ਮੇਰੇ ਗੋਵਿੰਦਾ! ਤੂੰ ਉਹਨਾਂ ਨੂੰ ਮਿਲ ਜਾਂਦਾ ਹੈਂ। ਜੀਵ ਇਸਤਰੀ ਕਹਿੰਦੀ ਹੈ! ਹੇ ਮੇਰੇ ਗੋਬਿੰਦ ਪ੍ਰਭੂ ਮੈਨੂੰ ਜੀਵਨ ਦਾਨ ਦੇਣ ਵਾਲਾ ਦਾਤਾ ਤੂੰ ਹੀ ਹੈਂ ਤੇ ਮੇਰੀ ਅਰਜੋਈ ਹੈ ਕਿ ਮੈਨੂੰ ਆਣ ਮਿਲ , ਕਿਤੇ ਰਾਤ ਇਦਾਂ ਹੀ ਖਾਲੀ ਨਾ ਲੰਘ ਜਾਵੇ। (ਜੀਵਨ ਰੂਪੀ ਰਾਤ)॥੨॥

ਮੈਨੂੰ ਸੱਜਣ ਪਿਆਰੇ ਪ੍ਰਭੂ ਪਰਮਾਤਮਾ ਅਕਾਲ ਪੁਰਖ ਦੇ ਦਰਸ਼ਨਾਂ ਦੀ ਭੁੱਖ ਲੱਗੀ ਹੋਈ ਹੈ। ਹੇ ਮੇਰੇ ਸੰਗੀ ਸਾਥੀਓ, ਸੱਜਣੋ ਮਿੱਤਰੋ ,ਸੰਤ ਜਨੋ ,ਆਉ ਤੇ ਪ੍ਰਭੂ ਨਾਲ ਮੇਰਾ ਮਿਲਾਪ ਕਰਾਓ। ਮੇਰੇ ਹਿਰਦੇ ਅੰਦਰ ਉਸ ਅਕਾਲ ਪੁਰਖ ਦੇ ਵਿਛੋੜੇ ਦੀ ਤਾਂਗ ਇੰਨੀ ਜਿਆਦਾ ਹੈ ਕਿ ਮੈਂ ਉਹਨੂੰ ਦੇਖੇ ਬਿਨਾਂ ਰਹਿ ਨਹੀਂ ਸਕਦਾ। ਉਹ ਹਰੀ ਪ੍ਰਭੂ ਅਕਾਲ ਪੁਰਖ ਹੀ ਮੇਰਾ ਪ੍ਰੀਤਮ ਪਿਆਰਾ ਹੈ ਤੇ ਗੁਰੂ ਦੀ ਕਿਰਪਾ ਤੋਂ ਬਿਨਾਂ ਉਸ ਨਾਲ ਮਿਲਾਪ ਨਹੀਂ ਹੋ ਸਕਦਾ, ਮੇਰਾ ਜੀਵਨ ਉਸ ਦੇ ਦਰਸ਼ਨ ਦੀਦਾਰਿਆਂ ਤੇ ਹੀ ਨਿਰਭਰ ਹੈ। (ਗੁਰੂ ਦੀ ਕਿਰਪਾ ਨਾਲ) ਮੈਨੂੰ ਉਸ ਮੇਰੇ ਪ੍ਰੀਤਮ ਪਿਆਰੇ ਦੇ ਚਰਨ ਕਮਲਾਂ ਵਿੱਚ ਜਗਹਾ ਮਿਲ ਗਈ ਹੈ ਤੇ ਮੇਰੇ ਮਨ ਅੰਦਰ ਹੁਣ ਵਧਾਈਆਂ ਵਜਣ ਲੱਗ ਗਈਆਂ ਹਨ॥੩॥

ਹੇ ਮੇਰੇ ਗੋਬਿੰਦ ਪ੍ਰਭੂ! ਮੈਂ ਤੇਰੇ ਤੋਂ ਸੈਂਕੜੇ ਵਾਰੀ, ਸਦਕੇ ਜਾਂਦਾ ਹਾਂ। ਮੇਰੇ ਹਿਰਦੇ ਅੰਦਰ ਤੇਰੇ ਪ੍ਰੇਮ ਦੀ ਪਿਆਸ ਹੈ। ਹੇ ਮੇਰੇ ਗੋਬਿੰਦ ਪ੍ਰਭੂ !ਇਸ ਨੂੰ ਸੰਭਾਲ ਕੇ ਮੇਰੇ ਹਿਰਦੇ ਵਿੱਚ ਸਮੋਈ ਰੱਖਣ ਦੀ ਕਿਰਪਾਲਤਾ ਕਰ। ਹੇ ਸੱਚੇ ਗੁਰੂ !ਤੂੰ ਵੀ ਆ ਤੇ ਮੇਰੀ ਮਦਦ ਕਰ । ਮੇਰੀ ਅਗਵਾਈ ਕਰਕੇ ਸੱਚੇ ਪਾਤਸ਼ਾਹ ਨਾਲ ਮਿਲਾ। ਦਾਸ ਨਾਨਕ ਫਰਮਾਉਂਦੇ ਹਨ! ਹੇ ਗੁਰੂ ਤੇਰੇ ਹੀ ਕਾਰਨ ਮੈਨੂੰ ਅਗੰਮ ਅਗੋਚਰ ਪ੍ਰਭੂ ਪਰਮਾਤਮਾ ਦੇ ਚਰਨ ਕਮਲਾਂ ਵਿੱਚ ਜਗ੍ਹਾ ਮਿਲ ਸਕੀ ਹੈ॥੪॥

**ਅੰਗ 174**

ਗਉੜੀ ਮਾਝ ਮਹਲਾ ੪ ॥

ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ ॥ ਹਰਿ ਆਪੇ ਕਾਨ੍ਹੁ ਉਪਾਇਦਾ ਮੇਰੇ ਗੋਵਿਦਾ ਹਰਿ ਆਪੇ ਗੋਪੀ ਖੋਜੀ ਜੀਉ ॥ ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ ॥ ਹਰਿ ਸੁਜਾਣੁ ਨ ਭੁਲਈ ਮੇਰੇ ਗੋਵਿੰਦਾ ਆਪੇ ਸਤਿਗੁਰੁ ਜੋਗੀ ਜੀਉ ॥੧॥ ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਆਪਿ ਖੇਲੈ ਬਹੁ ਰੰਗੀ ਜੀਉ ॥ ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ ਨਗਨ ਫਿਰਹਿ ਨੰਗ ਨੰਗੀ ਜੀਉ ॥

ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਦਾਨੁ ਦੇਵੈ ਸਭ ਮੰਗੀ ਜੀਉ ॥ ਭਗਤਾ ਨਾਮੁ ਆਧਾਰੁ ਹੈ ਮੇਰੇ ਗੋਵਿੰਦਾ ਹਰਿ ਕਥਾ ਮੰਗਹਿ ਹਰਿ ਚੰਗੀ ਜੀਉ ॥੨॥ ਹਰਿ ਆਪੇ ਭਗਤਿ ਕਰਾਇਦਾ ਮੇਰੇ ਗੋਵਿੰਦਾ ਹਰਿ ਭਗਤਾ ਲੋਚ ਮਨਿ ਪੂਰੀ ਜੀਉ ॥ ਆਪੇ ਜਲਿ ਥਲਿ ਵਰਤਦਾ ਮੇਰੇ ਗੋਵਿਦਾ ਰਵਿ ਰਹਿਆ ਨਹੀ ਦੂਰੀ ਜੀਉ ॥ ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ ਹਰਿ ਆਪਿ ਰਹਿਆ ਭਰਪੂਰੀ ਜੀਉ ॥ ਹਰਿ ਆਤਮ ਰਾਮੁ ਪਸਾਰਿਆ ਮੇਰੇ ਗੋਵਿੰਦਾ ਹਰਿ ਵੇਖੈ ਆਪਿ ਹਦੂਰੀ ਜੀਉ ॥੩॥

ਹਰਿ ਅੰਤਰਿ ਵਾਜਾ ਪਉਣੁ ਹੈ ਮੇਰੇ ਗੋਵਿੰਦਾ ਹਰਿ ਆਪਿ ਵਜਾਏ ਤਿਉ ਵਾਜੈ ਜੀਉ ॥ ਹਰਿ ਅੰਤਰਿ ਨਾਮੁ ਨਿਧਾਨੁ ਹੈ ਮੇਰੇ ਗੋਵਿੰਦਾ ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ ॥ ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ ਲਾਜੈ ਜੀਉ ॥ ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ ਜਨ ਨਾਨਕ ਨਾਮ ਸਿਧਿ ਕਾਜੈ ਜੀਉ ॥੪॥੪॥੩੦॥੬੮॥ {ਪੰਨਾ 174}

ਭਾਵ ਅਰਥ:-

ਹੇ ਮੇਰੇ ਮੌਜੀ,ਮਸਤ ਮੌਲੇ ਪ੍ਰਭੂ ! ਤੂੰ ਆਪਣੀ ਮੌਜ ਵਿੱਚ ਰਹਿੰਦਾ ਹੈਂ (ਮੌਜ ਵਿੱਚ ਰਹਿ ਕੇ ਦੀਨ ਦੁਨੀਆਂ ਦਾ ਹਰ ਤਰ੍ਹਾਂ ਦਾ ਸਹਾਰਾ ਹੈਂ)। ਹੇ ਮੇਰੇ ਗੋਬਿੰਦ ਪ੍ਰਭੂ ! ਤੂੰ ਆਪ ਹੀ ਕ੍ਰਿਸ਼ਨ ਵਰਗੇ ਪੈਦਾ ਕੀਤੇ ਹਨ ਤੇ ਆਪ ਹੀ ਗੋਪੀਆਂ ਨੂੰ ਉਹਦੇ ਨਾਲ ਜੋੜਿਆ ਹੈ। ਹੇ ਮੇਰੇ ਦਾਤਾ ਤੂੰ ਆਪ ਹੀ ਸਭ ਕੁਝ ਜਾਣਦਾ ਹੈਂ , ਸਿਆਣਾ ਹੈਂ ,ਤੇਰੇ ਤੋਂ ਕੋਈ ਚੀਜ਼ ਵੀ ਵਿਸਰੀ ਨਹੀਂ ਤੂੰ ਆਪੇ ਜੋਗੀ ਤੇ ਜੰਗਮ ਹੈਂ॥੧॥

ਤੂੰ ਕੁੱਲ ਸੰਸਾਰ ਨੂੰ ਪੈਦਾ ਕਰਕੇ ਆਪ ਹੀ ਇੰਨਾਂ ਬਹੁਰੰਗੀ ਜੀਵਾਂ ਦੇ ਵਿੱਚ ਖੇਡਦਾ ਹੈਂ । ਕਿਸੇ ਨੂੰ ਤੂੰ ਰੱਜ ਕੇ ਰਜਾਇਆ ਹੈ ਤੇ ਕੋਈ ਨੰਗੇ ਹੀ ਤੁਰੇ ਫਿਰਦੇ ਹਨ। ਤੂੰ ਸੰਪੂਰਨ ਜਗਤ ਦਾ ਪਾਲਣਹਾਰ ਹੈਂ ਤੇਰੇ ਤੋਂ ਜਿਹੜਾ ਵੀ ਮੁਰਾਦ ਮੰਗਦਾ ਹੈ ਉਹ ਪੂਰੀ ਹੁੰਦੀ ਹੈ। ਭਗਤਾਂ ਵਾਸਤੇ ਤੇਰਾ ਨਾਮ ਹੀ ਉਹਨਾਂ ਦਾ ਆਧਾਰ ਟੇਕ ਹੈ। ਮੇਰੇ ਗੋਬਿੰਦ ਪ੍ਰਭੂ ਤੂੰ ਉਹਨਾਂ ਦੀ ਖਾਹਿਸ਼ ਚੰਗੇ ਵਿਚਾਰਾਂ ਅਤੇ ਧਾਰਮਿਕਤਾ ਨਾਲ ਪੂਰੀਆਂ ਕਰਦਾ ਹੈਂ॥੨॥

ਹੇ ਮੇਰੇ ਗੋਬਿੰਦ ਪ੍ਰਭੂ! ਆਪ ਹੀ ਨਾਮ ਸਿਮਰਨ ਕਰਵਾਨਾ ਹੈਂ ਤੇ ਜਿਹਦੀ ਅਧਿਆਤਮ ਦੀ ਇੱਛਾ ਹੁੰਦੀ ਹੈ ਉਸਦੀ ਉਹ ਪੂਰੀ ਕਰਦਾ ਹੈਂ। ਤੂੰ ਹਰ ਥਾਂ ਤੇ ਵਿਆਪਤ ਹੈਂ , ਮੇਰੇ ਗੋਬਿੰਦ ਪ੍ਰਭੂ ! ਖੰਡੇ ਬ੍ਰਹਮੰਡੇ ਜਲ ਥਲ ਹਰ ਥਾਂ ਤੇ। ਤੂੰ ਕਿਸੇ ਵੀ ਜੀਵ ਤੋਂ ਦੂਰ ਨਹੀਂ ਹੈਂ। ਹੇ ਮੇਰੇ ਗੋਬਿੰਦ ਪ੍ਰਭੂ! ਤੂੰ ਹਰ ਜੀਵ ਦੇ ਅੰਦਰ , ਬਾਹਰ ਮੌਜੂਦ ਹੈਂ ਅਤੇ ਹਰ ਥਾਂ ਤੇ ਮੌਜੂਦ ਹੈਂ। ਹੇ ਮੇਰੇ ਗੋਬਿੰਦ ਪ੍ਰਭੂ ! ਹਰ ਆਤਮਾ ਵਿੱਚ ਤੇਰਾ ਪਸਾਰਾ ਹੈ, ਤੂੰ ਉਥੇ ਹੀ ਰਹਿੰਦਾ ਹੋਇਆ ਹਰ ਚੀਜ਼ ਤੱਕਦਾ ਹੈਂ॥੩॥

ਹਰ ਜੀਵ ਦੇ ਅੰਦਰ ਤੂੰ ਬਿਨਾਂ ਕਿਸੇ ਸਾਜ ਤੋਂ ਸਾਹਾਂ ਦੇ ਆਉਣ ਜਾਣ ਨਾਲ (ਬਿਨਾਂ ਸਾਜ) ਵਾਜਾ ਵੱਜਦਾ ਹੈ। ਇਹ ਵੀ ਤੇਰੇ ਕਾਰਨ ਹੀ, ਤੇਰੀ ਦਿੱਤੀ ਹੋਈ ਪਵਨ ਦੇ ਕਾਰਨ ਹੀ ਸੰਭਵ ਹੈ। ਉਸ ਹਰੀ ਪ੍ਰਭੂ ਦਾ ਨਾਮ ਹਿਰਦੇ ਦੇ ਅੰਦਰ ਤੂੰ ਹੀ ਵਸਾਇਆ ਹੈ ਮੇਰੇ ਗੋਬਿੰਦ ਪ੍ਰਭੂ !

ਜਿਸ ਨਾਮ ਨੂੰ ਸ਼ਬਦ ,ਸਿਮਰਨ ਤੇ ਭਜਨ ਬੰਦਗੀ ਨਾਲ ਉਚਾਰਿਆ ਜਾ ਰਿਹਾ ਹੈ। ਹੇ ਮੇਰੇ ਗੋਬਿੰਦ ਪ੍ਰਭੂ! ਤੂੰ ਆਪ ਹੀ ਪ੍ਰਾਣੀ ਤੋਂ ਆਪਣੀ ਭਗਤੀ ਕਰਵਾਉਂਦਾ ਹੈਂ ਤੇ ਆਪ ਹੀ ਉਹਨਾਂ ਦੀ ਇੱਜਤ ਪੱਤ ਰੱਖਦਾ ਹੈਂ। ਹੇ ਮੇਰੇ ਗੋਬਿੰਦ ਪ੍ਰਭੂ! ਮਨੁੱਖ ਵੱਡੇ ਭਾਗਾਂ ਦੇ ਕਾਰਨ ਸਾਧ ਸੰਗਤ ਨੂੰ ਮਿਲਦਾ ਹੈ ਤੇ ਨਾਨਕ ਦਾਸ ਫਰਮਾਉਂਦੇ ਹਨ ਕਿ ਇਸ ਤਰਾਂ ਭਜਨ ਬੰਦਗੀ ਤੇ ਪ੍ਰਭੂ ਦੀ ਸਿਫਤ ਸਲਾਹ ਕਰਨ ਨਾਲ ਸਾਧ ਸੰਗਤ ਦੇ ਨਾਲ ਜੁੜ ਕੇ ਬੰਦਾ ਆਪਣੇ ਜੀਵਨ ਦੇ ਕਾਰਜ ਰਾਸ ਕਰ ਲੈਂਦਾ ਹੈ॥੪॥



SANJHI SOCH
ਨਰੇਸ਼ ਕੁਮਾਰੀ
ਨਿਊਜੀਲੈਂਡ
+642041755894

# ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

*Where Hope Meets*

## IMMIGRATION OPPORTUNITIES

**USA SERVICES :**

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

**INDIAN SERVICES :**

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ